
People's Herald

Rs- 160/month

People's Herald



# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=161037521061610

ਪਟਿਆਲਾ



"Equality and Justice" स्वतंत्रता, समानता, भाईचारा

PATIALA On line paper 22 ਨਵੰਬਰ 2025 ਸਨਿੱਚਰਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਹਾਈ ਕੋਰਟ ਵਲੋਂ ਅਨੁਸੂਚਿਤ ਜਾਤੀ ਕਮਿਸ਼ਨ ਵਲੋਂ ਰਾਜਾ ਵੜਿੰਗ ਵਿਰੁੱਧ ਕੀਤੀ ਜਾ ਰਹੀ ਖੁਦਮੁਖਤਿਆਰੀ ਕਾਰਵਾਈ 'ਤੇ ਰੋਕ

### ਕਮਿਸ਼ਨ ਚੇਅਰਮੈਨ 'ਤੇ ਸਿਆਸੀ ਰੰਜਿਸ਼ ਕਾਰਨ ਕਾਰਵਾਈ ਕਰਨ ਦਾ ਦੋਸ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਨਵੰਬਰ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ: ਹਾਈ ਕੋਰਟ ਵਲੋਂ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਤਰਨਤਾਰਨ ਵਿਚ ਜ਼ਿਮਨੀ ਚੋਣ ਪ੍ਰਚਾਰ ਦੌਰਾਨ ਸਾਬਕਾ ਕੇਂਦਰੀ ਮੰਤਰੀ ਬੂਟਾ ਸਿੰਘ ਵਿਰੁੱਧ ਦਿੱਤੇ ਗਏ ਇਤਰਾਜ਼ਯੋਗ ਬਿਆਨ ਸੰਬੰਧੀ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਵਲੋਂ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਖ਼ਿਲਾਫ਼ ਕੀਤੀ ਗਈ ਕਾਰਵਾਈ ਨੂੰ ਚੁਣੌਤੀ ਦਿੱਤੀ ਗਈ ਹੈ, ਜਿਸ 'ਤੇ ਸੁਣਵਾਈ ਕਰਦਿਆਂ ਅਦਾਲਤ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਇਸ ਦੇ ਨਾਲ ਹੀ ਅਦਾਲਤ ਨੇ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਹੁਕਮ ਦਿੱਤਾ ਹੈ ਕਿ ਉਹ ਇਸ ਮਾਮਲੇ ਦੀ ਜਾਂਚ ਵਿਚ ਦਖ਼ਲ ਨਹੀਂ ਦੇਵੇਗਾ।

ਪਟੀਸ਼ਨ ਵਿਚ ਵੜਿੰਗ ਨੇ ਤਰਨਤਾਰਨ ਜ਼ਿਮਨੀ ਚੋਣ ਲਈ ਪ੍ਰਚਾਰ ਦੌਰਾਨ 2 ਨਵੰਬਰ ਨੂੰ ਕੇਂਦਰੀ ਮੰਤਰੀ ਬੂਟਾ ਸਿੰਘ ਬਾਰੇ ਜੋ ਕਿਹਾ ਸੀ, ਉਸ ਦੇ ਸੰਬੰਧ ਵਿਚ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਵਲੋਂ ਉਨ੍ਹਾਂ ਵਿਰੁੱਧ ਕੀਤੀ ਜਾ ਰਹੀ ਖੁਦਮੁਖਤਿਆਰੀ ਕਾਰਵਾਈ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। ਰਾਜਾ ਵੜਿੰਗ ਦਾ ਕਹਿਣਾ ਹੈ ਕਿ ਜਦੋਂ ਇਸ ਮਾਮਲੇ ਵਿਚ ਉਨ੍ਹਾਂ ਵਿਰੁੱਧ 4 ਨਵੰਬਰ ਨੂੰ ਹੀ ਐਫ.ਆਈ. ਆਰ. ਦਰਜ ਕੀਤੀ ਜਾ ਚੁੱਕੀ ਹੈ ਤਾਂ ਕਮਿਸ਼ਨ ਵਲੋਂ ਵੱਖਰੀ ਕਾਰਵਾਈ ਕਰਨਾ ਗਲਤ ਹੈ।



ਰਾਜਾ ਵੜਿੰਗ ਨੇ ਕਮਿਸ਼ਨ ਚੇਅਰਮੈਨ 'ਤੇ ਸਿਆਸੀ ਰੰਜਿਸ਼ ਕਾਰਨ ਕਾਰਵਾਈ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਹੈ ਕਿ ਕਮਿਸ਼ਨ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਲਗਾਤਾਰ ਉਨ੍ਹਾਂ ਵਿਰੁੱਧ ਬਿਆਨਬਾਜ਼ੀ ਕਰ ਰਹੇ ਹਨ।

## ਮੈਂ ਇਸ ਦੇਸ਼ ਲਈ ਜੋ ਕੁਝ ਵੀ ਕਰ ਸਕਦਾ ਸੀ, ਉਹ ਕਰਕੇ ਜਾ ਰਿਹਾ ਹਾਂ ਅਤੇ ਮੈਨੂੰ ਪੂਰੀ ਤਸੱਲੀ ਹੈ: ਗਵਈ

### ਭਾਰਤ ਦੇ ਚੀਫ਼ ਜਸਟਿਸ (ਸੀ.ਜੇ.ਆਈ.) ਜਸਟਿਸ ਬੀ.ਆਰ. ਗਵਈ 23 ਨਵੰਬਰ ਨੂੰ ਆਪਣਾ ਅਹੁਦਾ ਛੱਡਣ ਜਾ ਰਹੇ ਹਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਨਵੰਬਰ INTERNATIONAL PAPER, 94636 01616 hardipchumber57@gmail.com

ਅਹੁਦਾ ਛੱਡ ਰਹੇ ਭਾਰਤ ਦੇ ਚੀਫ਼ ਜਸਟਿਸ (ਸੀ.ਜੇ.ਆਈ.) ਜਸਟਿਸ ਬੀ.ਆਰ. ਗਵਈ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਇੱਕ ਵਕੀਲ ਅਤੇ ਜੱਜ ਵਜੋਂ ਲਗਪਗ ਚਾਰ ਦਹਾਕਿਆਂ ਦੀ ਆਪਣੀ ਯਾਤਰਾ ਸਮਾਪਤ ਕਰਕੇ, ਸੰਸਥਾ ਨੂੰ ਪੂਰੀ ਸੰਤੁਸ਼ਟੀ ਅਤੇ ਤਸੱਲੀ ਨਾਲ ਛੱਡ ਰਹੇ ਹਨ ਅਤੇ ਉਹ ਆਪਣੇ ਆਪ ਨੂੰ ਨਿਆਂ ਦਾ ਵਿਦਿਆਰਥੀ ਮੰਨਦੇ ਹਨ।



ਸੀ.ਜੇ.ਆਈ. ਗਵਈ ਨੇ ਆਪਣੇ ਵਿਦਾਇਗੀ ਸਮਾਰੋਹ ਦੌਰਾਨ ਭਾਵੁਕ ਹੁੰਦਿਆਂ ਕਿਹਾ, "ਜਦੋਂ ਮੈਂ ਆਖਰੀ ਵਾਰ ਇਸ ਕੋਰਟਰੂਮ ਵਿੱਚੋਂ ਨਿਕਲਾਂਗਾ... ਮੈਂ ਇਸ ਦੇਸ਼ ਲਈ ਜੋ ਕੁਝ ਵੀ ਕਰ ਸਕਦਾ ਸੀ, ਉਹ ਕਰਕੇ ਜਾ ਰਿਹਾ ਹਾਂ ਅਤੇ ਮੈਨੂੰ ਪੂਰੀ ਤਸੱਲੀ ਹੈ।"

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹ ਹਮੇਸ਼ਾ ਸੰਵਿਧਾਨ ਦੇ ਸਿਧਾਂਤਾਂ ਦੇ ਦਾਇਰੇ ਵਿੱਚ ਰਹਿ ਕੇ ਆਪਣਾ ਫਰਜ਼ ਨਿਭਾਉਣ ਦੀ ਕੋਸ਼ਿਸ਼ ਕਰਦੇ ਰਹੇ। ਜਸਟਿਸ ਉਹ 23 ਨਵੰਬਰ ਆਪਣਾ ਅਹੁਦਾ ਛੱਡਣ ਜਾ ਰਹੇ ਹਨ। ਸ਼ੁੱਕਰਵਾਰ ਉਨ੍ਹਾਂ ਦਾ ਆਖਰੀ ਕਾਰਜਕਾਰੀ ਦਿਨ ਸੀ।

ਸੀ.ਜੇ.ਆਈ. ਗਵਈ ਦੀ ਪ੍ਰਸ਼ੰਸਾ ਕਰਦੇ ਹੋਏ, ਨਵੇਂ ਸੀ.ਜੇ. ਆਈ. ਨਾਮਜ਼ਦ ਜਸਟਿਸ ਸੂਰਿਆ ਕਾਂਤ ਨੇ ਕਿਹਾ, "ਉਹ ਇੱਕ ਸਾਥੀ ਤੋਂ ਵੱਧ ਸਨ... ਉਹ ਮੇਰੇ ਭਰਾ ਅਤੇ ਭਰੋਸੇਮੰਦ ਸਨ, ਅਤੇ ਇੱਕ ਬੇਮਿਸਾਲ ਇਮਾਨਦਾਰੀ ਵਾਲੇ ਵਿਅਕਤੀ ਸਨ।"

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

## ਪੰਜਾਬ ਦੇ 40 ਸਰਕਾਰੀ ਹਸਪਤਾਲਾਂ ਵਿੱਚ ਹੁਣ ਮੁਫ਼ਤ ਡਾਇਲਿਸਿਸ ਸਹੂਲਤ, ਹਜ਼ਾਰਾਂ ਮਰੀਜ਼ਾਂ ਨੂੰ ਲਾਭ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਨਵੰਬਰ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ, ਪੰਜਾਬ ਸਰਕਾਰ ਨੇ ਸੂਬੇ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਵਿਸ਼ਵ ਪੱਧਰੀ ਬਣਾਉਣ ਵੱਲ ਇੱਕ ਬੇਮਿਸਾਲ ਅਤੇ ਇਤਿਹਾਸਕ ਕਦਮ ਚੁੱਕਿਆ ਹੈ। ਸਿਹਤ ਨੂੰ ਆਪਣੀ ਪ੍ਰਮੁੱਖ ਤਰਜੀਹ ਦੇ ਕੇ, ਸਰਕਾਰ ਨੇ ਸਾਬਤ ਕੀਤਾ ਹੈ ਕਿ ਜਨਤਕ ਸੇਵਾ ਹੀ ਉਸ ਦਾ ਇੱਕੋ ਇੱਕ ਟੀਚਾ ਹੈ। ਇਸ ਸਬੰਧ ਵਿੱਚ, ਗੁਰਦੇ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਲਈ ਮੁਫ਼ਤ ਡਾਇਲਿਸਿਸ ਸਹੂਲਤਾਂ ਦਾ ਇੱਕ ਵਿਆਪਕ ਅਤੇ ਮਜ਼ਬੂਤ ਨੈੱਟਵਰਕ ਸਥਾਪਤ ਕੀਤਾ ਗਿਆ ਹੈ। ਇਹ ਪਹਿਲਕਦਮੀ ਨਾ ਸਿਰਫ਼ ਪੰਜਾਬ ਦੇ ਸਿਹਤ ਸੰਭਾਲ ਢਾਂਚੇ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਉਂਦੀ ਹੈ ਬਲਕਿ ਹਰ ਨਾਗਰਿਕ ਨੂੰ, ਭਾਵੇਂ ਉਸਦਾ ਪਿਛੋਕੜ ਕੋਈ ਵੀ ਹੋਵੇ, ਮਿਆਰੀ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਸਰਕਾਰ ਦੀ ਵਚਨਬੱਧਤਾ ਦੀ ਗਵਾਹੀ ਵੀ ਭਰਦੀ ਹੈ। ਇਹ ਯੋਜਨਾ ਪੰਜਾਬ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਸਾਬਤ ਹੋ ਰਹੀ ਹੈ।

ਪੰਜਾਬ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਡਾਇਲਿਸਿਸ ਵਰਗੀ ਮਹੱਤਵਪੂਰਨ ਸਹੂਲਤ ਵੱਡੇ ਸ਼ਹਿਰਾਂ ਤੱਕ ਸੀਮਤ ਨਾ ਹੋਵੇ ਸਗੋਂ ਸੂਬੇ ਦੇ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਵੀ ਪਹੁੰਚਯੋਗ ਹੋਵੇ। ਵਰਤਮਾਨ ਵਿੱਚ, ਇਹ ਅਤਿ-ਆਧੁਨਿਕ ਸਹੂਲਤ ਸੂਬੇ ਭਰ ਦੇ 40 ਸਰਕਾਰੀ ਹਸਪਤਾਲਾਂ ਵਿੱਚ ਕਾਰਜਸ਼ੀਲ ਹੈ। ਇਸ ਵਿਸ਼ਾਲ ਨੈੱਟਵਰਕ ਵਿੱਚ 23 ਜ਼ਿਲ੍ਹਾ ਹਸਪਤਾਲ, 14 ਸਬ-ਡਿਵੀਜ਼ਨਲ ਹਸਪਤਾਲ ਅਤੇ 3 ਕਮਿਊਨਿਟੀ ਹੈਲਥ ਸੈਂਟਰ ਸ਼ਾਮਲ ਹਨ। ਇੰਨੀ ਵੱਡੀ ਗਿਣਤੀ ਵਿੱਚ ਕੇਂਦਰਾਂ ਦੀ ਸਥਾਪਨਾ 'ਆਪ' ਸਰਕਾਰ ਦੇ ਸਿਹਤ ਸੰਭਾਲ ਸੇਵਾਵਾਂ ਦੇ ਵਿਕੇਂਦਰੀਕਰਨ 'ਤੇ ਜ਼ੋਰ ਨੂੰ ਦਰਸਾਉਂਦੀ ਹੈ ਤਾਂ ਜੋ ਮਰੀਜ਼ਾਂ ਨੂੰ ਇਲਾਜ ਲਈ ਲੰਬੀ ਦੂਰੀ ਦੀ ਯਾਤਰਾ ਨਾ ਕਰਨੀ ਪਵੇ ਅਤੇ ਉਹ ਆਪਣੇ ਘਰਾਂ ਦੇ ਨੇੜੇ ਗੁਣਵੱਤਾ ਵਾਲੀ ਦੇਖਭਾਲ ਪ੍ਰਾਪਤ ਕਰ ਸਕਣ।

ਇਸ ਲੋਕ-ਪੱਖੀ ਯੋਜਨਾ ਦੀ ਸਫਲਤਾ ਦਾ ਅੰਦਾਜ਼ਾ ਇਸਦੇ ਪ੍ਰਭਾਵਸ਼ਾਲੀ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ। ਅਪ੍ਰੈਲ 2024 ਅਤੇ ਨਵੰਬਰ 2024 ਦੇ ਵਿਚਕਾਰ ਥੋੜ੍ਹੇ ਸਮੇਂ ਵਿੱਚ, ਕੁੱਲ 4,831 ਮਰੀਜ਼ਾਂ ਨੇ ਇਸ ਸਹੂਲਤ ਦਾ ਲਾਭ ਉਠਾਇਆ ਹੈ। ਇਸ ਤੋਂ ਇਲਾਵਾ, ਇਸ ਸਮੇਂ ਦੌਰਾਨ ਰਿਕਾਰਡ 32,800 ਡਾਇਲਿਸਿਸ ਸੈਸ਼ਨ ਸਫਲਤਾਪੂਰਵਕ ਕਰਵਾਏ ਗਏ ਹਨ। ਇਹ ਅੰਕੜੇ ਸਿਰਫ਼ ਅੰਕੜੇ ਨਹੀਂ ਹਨ; ਇਹ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਲਈ ਰਾਹਤ ਦੀ ਕਹਾਣੀ ਹਨ ਜਿਨ੍ਹਾਂ ਨੂੰ ਪਹਿਲਾਂ ਇਸ ਬਿਮਾਰੀ ਕਾਰਨ ਬਹੁਤ ਜ਼ਿਆਦਾ ਤਣਾਅ ਦਾ ਸਾਹਮਣਾ ਕਰਨਾ ਪਿਆ ਸੀ। ਪੰਜਾਬ ਸਰਕਾਰ ਦੀ ਇਸ ਤੁਰੰਤਤਾ ਨੇ ਇਹ ਯਕੀਨੀ ਬਣਾਇਆ ਹੈ ਕਿ ਗੁਰਦੇ ਦੇ ਮਰੀਜ਼ਾਂ ਨੂੰ ਨਿਰਵਿਘਨ, ਸਮੇਂ ਸਿਰ ਇਲਾਜ ਮਿਲੇ, ਜੋ ਉਨ੍ਹਾਂ ਦੇ ਬਚਾਅ ਲਈ ਜ਼ਰੂਰੀ ਹੈ।

ਸੇਵਾ ਦੀ ਉੱਚਤਮ ਗੁਣਵੱਤਾ ਬਣਾਈ ਰੱਖਣ ਲਈ, ਪੰਜਾਬ ਸਰਕਾਰ ਨੇ ਹੰਸ ਫਾਊਂਡੇਸ਼ਨ ਅਤੇ ਹੋਰ ਸਮਾਜਿਕ ਸੰਗਠਨਾਂ ਨਾਲ ਇੱਕ ਰਣਨੀਤਕ ਭਾਈਵਾਲੀ ਕੀਤੀ ਹੈ। ਇਸ ਸਹਿਯੋਗ ਤਹਿਤ, ਅੱਠ ਸਰਕਾਰੀ



ਹਸਪਤਾਲਾਂ ਵਿੱਚ 30 ਅਤਿ-ਆਧੁਨਿਕ, ਉੱਚ-ਤਕਨੀਕੀ ਡਾਇਲਿਸਿਸ ਮਸ਼ੀਨਾਂ ਲਗਾਈਆਂ ਗਈਆਂ ਹਨ। ਇਹ ਜਨਤਕ-ਨਿੱਜੀ ਭਾਈਵਾਲੀ ਦਾ ਇੱਕ ਸ਼ਾਨਦਾਰ ਮਾਡਲ ਹੈ, ਜੋ ਪਾਰਦਰਸ਼ਤਾ ਅਤੇ ਸੇਵਾ ਉੱਤਮਤਾ ਦੇ ਮਾਪਦੰਡਾਂ ਨੂੰ ਪੂਰੀ ਤਰ੍ਹਾਂ ਪੂਰਾ ਕਰਦਾ ਹੈ। ਇਨ੍ਹਾਂ ਆਧੁਨਿਕ ਮਸ਼ੀਨਾਂ ਰਾਹੀਂ, ਮਰੀਜ਼ ਹੁਣ ਸਰਕਾਰੀ ਹਸਪਤਾਲਾਂ ਵਿੱਚ ਉਹੀ ਡਾਕਟਰੀ ਸੇਵਾਵਾਂ ਪ੍ਰਾਪਤ ਕਰ ਰਹੇ ਹਨ ਜੋ ਪਹਿਲਾਂ ਉਨ੍ਹਾਂ ਨੂੰ ਮਹਿੰਗੇ ਨਿੱਜੀ ਹਸਪਤਾਲਾਂ ਵੱਲ ਮੁੜਨ ਦੀ ਲੋੜ ਸੀ। ਇਸ ਸਰਕਾਰ ਦਾ ਇਹ ਤਰੀਕਾ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਇਹ ਆਪਣੇ ਨਾਗਰਿਕਾਂ ਲਈ ਸਭ ਤੋਂ ਵਧੀਆ ਤੋਂ ਘੱਟ ਕੁਝ ਵੀ ਸਵੀਕਾਰ ਨਹੀਂ ਕਰਦਾ।

## ਸਪੀਕਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਯਾਦਗਾਰ ਦੇ ਪੂਰੇ ਖੇਤਰ ਨੂੰ ਪੰਜਾਬ ਵਿਧਾਨ ਸਭਾ ਕੰਪਲੈਕਸ ਵਜੋਂ ਮਨੋਨੀਤ ਕਰਨ ਦੇ ਹੁਕਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਨਵੰਬਰ INTERNATIONAL PAPER, 94636 01616 hardipchumber57@gmail.com

ਸੋਲ੍ਹਵੀਂ ਪੰਜਾਬ ਵਿਧਾਨ ਸਭਾ ਦਾ 10ਵਾਂ (ਵਿਸ਼ੇਸ਼) ਇਜਲਾਸ ਸੋਮਵਾਰ, 24 ਨਵੰਬਰ, 2025 ਨੂੰ ਦੁਪਹਿਰ 1.00 ਵਜੇ ਭਾਈ ਜੈਤਾ ਜੀ ਯਾਦਗਾਰ, ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ ਵਿਖੇ ਬੁਲਾਇਆ ਗਿਆ ਹੈ। ਇਸ ਸਬੰਧ ਵਿੱਚ ਪੰਜਾਬ ਵਿਧਾਨ ਸਭਾ ਸਪੀਕਰ ਨੇ ਪੰਜਾਬ ਵਿਧਾਨ ਸਭਾ, 2025 ਦੇ 10ਵੇਂ (ਵਿਸ਼ੇਸ਼) ਇਜਲਾਸ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਸਥਿਤ ਭਾਈ ਜੈਤਾ ਜੀ ਯਾਦਗਾਰ ਦੇ ਪੂਰੇ ਖੇਤਰ ਨੂੰ ਆਰਜ਼ੀ ਪੰਜਾਬ ਵਿਧਾਨ ਸਭਾ ਕੰਪਲੈਕਸ ਦੇ ਇਹਾਤੇ (ਪਰੀਸਿੰਕਟ) ਵਜੋਂ ਮਨੋਨੀਤ ਕਰਨ ਦੇ ਹੁਕਮ ਦਿੱਤੇ ਹਨ, ਜਿੱਥੇ ਸਦਨ ਦੀ ਕਾਰਵਾਈ ਸੰਬੰਧੀ ਸਾਰੇ ਨਿਯਮ ਲਾਗੂ ਹੋਣਗੇ।



# ਪੰਜਾਬ ਦੀਆਂ ਤਿੰਨੋਂ ਯੂਨੀਵਰਸਿਟੀਆਂ 'ਚ ਕਾਮਨ ਕੈਲੰਡਰ ਹੋਵੇਗਾ ਲਾਗੂ, ਪੱਤਰ ਜਾਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com



ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ: ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਹੁਣ ਇੱਕ ਸਾਂਝੇ ਕੈਲੰਡਰ 'ਤੇ ਕੰਮ ਕਰਨਗੀਆਂ। ਤਿੰਨਾਂ ਯੂਨੀਵਰਸਿਟੀਆਂ ਲਈ ਦਾਖਲਾ ਪ੍ਰਕਿਰਿਆ ਵੀ ਪੰਜਾਬ ਸਰਕਾਰ ਦੇ ਦਾਖਲਾ ਪੋਰਟਲ ਰਾਹੀਂ ਕੀਤੀ ਜਾਵੇਗੀ। ਉੱਚ ਸਿੱਖਿਆ ਵਿਭਾਗ ਨੇ ਤਿੰਨਾਂ ਯੂਨੀਵਰਸਿਟੀਆਂ ਨੂੰ ਇੱਕ ਪੱਤਰ ਜਾਰੀ ਕੀਤਾ ਹੈ, ਜਿਸ ਵਿੱਚ ਇਸ ਸਬੰਧ ਵਿੱਚ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ।

ਤਿੰਨਾਂ ਯੂਨੀਵਰਸਿਟੀਆਂ ਅਤੇ ਉਨ੍ਹਾਂ ਨਾਲ ਸਬੰਧਤ ਕਾਲਜਾਂ ਲਈ ਦਾਖਲਾ ਪ੍ਰਕਿਰਿਆ ਅਗਲੇ ਅਕਾਦਮਿਕ ਸੈਸ਼ਨ, 2026-27 ਤੋਂ ਪੂਰੀ ਤਰ੍ਹਾਂ ਕੇਂਦਰੀਕ੍ਰਿਤ ਹੋਵੇਗੀ। ਯੂਨੀਵਰਸਿਟੀਆਂ ਨੂੰ ਜਾਰੀ ਇੱਕ ਪੱਤਰ ਵਿੱਚ, ਪੰਜਾਬ ਉੱਚ ਸਿੱਖਿਆ ਵਿਭਾਗ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਸਰਕਾਰ ਇੱਕ ਕੇਂਦਰੀਕ੍ਰਿਤ ਔਨਲਾਈਨ ਦਾਖਲਾ ਪ੍ਰਕਿਰਿਆ ਲਾਗੂ ਕਰ ਰਹੀ ਹੈ।

ਇਸ ਤਹਿਤ, ਤਿੰਨਾਂ ਯੂਨੀਵਰਸਿਟੀਆਂ ਅਤੇ ਉਨ੍ਹਾਂ ਨਾਲ ਸਬੰਧਤ ਕਾਲਜਾਂ ਵਿੱਚ ਯੂਜੀ ਅਤੇ ਪੀਜੀ ਕੋਰਸਾਂ ਲਈ ਦਾਖਲੇ, ਛੁੱਟੀਆਂ ਅਤੇ ਪ੍ਰੀਖਿਆ ਦੀਆਂ ਤਾਰੀਖਾਂ ਇੱਕੋ ਜਿਹੀਆਂ ਹੋਣਗੀਆਂ। ਉੱਚ ਸਿੱਖਿਆ ਵਿਭਾਗ ਨੇ ਇਹ ਪੱਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀਆਂ ਕਾਲਜ ਵਿਕਾਸ ਕੌਂਸਲਾਂ ਨੂੰ ਭੇਜਿਆ ਹੈ।

# ਪੰਜਾਬ ਸਰਕਾਰ ਵੱਲੋਂ ਰੋਪੜ ਦਾ RTO ਮੁਅੱਤਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com

ਪੰਜਾਬ ਸਰਕਾਰ ਵੱਲੋਂ ਰੋਪੜ ਦਾ ਆਰ ਟੀ ਓ ਮੁਅੱਤਲ ਕੀਤਾ ਗਿਆ ਹੈ। ਬੀਤੇ ਰਾਤ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ਸਬੰਧੀ ਕਰਵਾਏ ਗਏ ਲਾਈਟ ਐਂਡ ਸਾਊਂਡ ਸ਼ੋਅ ਲਈ ਪਿੰਡਾਂ ਵਿਚ ਬੱਸ ਸਰਵਿਸ ਦੇਣ ਵਿਚ ਲਾਪਰਵਾਹੀ ਦੇ ਇਲਜ਼ਾਮ ਵਿੱਚ ਰੋਪੜ ਦੇ ਆਰ ਟੀ ਓ ਗੁਰਵਿੰਦਰ ਸਿੰਘ ਜੋਹਲ ਨੂੰ ਮੁਅੱਤਲ ਕੀਤਾ ਗਿਆ ਹੈ।

# ਲੁਧਿਆਣਾ ਐਨਕਾਊਂਟਰ: ਜ਼ਖਮੀ ਦੋਸ਼ੀ ਰਾਜਸਥਾਨ ਦੇ ਰਹਿਣ ਵਾਲੇ, ਪਾਕ-ISI ਹੈਂਡਲਰ ਜਸਵੀਰ ਚੌਧਰੀ ਵੱਲੋਂ ਗ੍ਰਨੇਡ ਹਮਲਾ ਕਰਨ ਲਈ ਭੇਜੇ ਗਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com



ਲੁਧਿਆਣਾ, 21 ਨਵੰਬਰ: 2025

ਲਾਡੋਵਾਲ ਖੇਤਰ 'ਚ ਮੁਕਾਬਲੇ ਤੋਂ ਬਾਅਦ ਪਾਕ-ISI ਸਮਰਥਿਤ ਬਹੁ-ਰਾਜਗੀ ਗੈਂਗਸਟਰ-ਟੈਰਰ ਮੋਡੀਊਲ ਦੇ ਤੋੜਦੇ ਹੀ, ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ ਸ਼ੁਕਰਵਾਰ ਨੂੰ ਖੁਲਾਸਾ ਕੀਤਾ ਕਿ ਗੋਲੀਬਾਰੀ 'ਚ ਜ਼ਖਮੀ ਹੋਏ ਦੋਵੇਂ ਦੋਸ਼ੀ ਪਾਕਿਸਤਾਨ-ਅਧਾਰਤ ਹੈਂਡਲਰ ਜਸਵੀਰ ਉਰਫ਼ ਚੌਧਰੀ ਵੱਲੋਂ ਗ੍ਰਨੇਡ ਹਮਲਾ ਕਰਨ ਲਈ ਭੇਜੇ ਗਏ ਓਪਰੇਟਿਵ ਹਨ।

ਸੀ.ਪੀ ਸਵਪਨ ਸ਼ਰਮਾ ਨੇ ਦੱਸਿਆ ਕਿ ਜ਼ਖਮੀ ਦੋਸ਼ੀ ਦੀਪਕ ਉਰਫ਼ ਦੀਪੂ ਅਤੇ ਰਾਮ ਲਾਲ ਰਾਜਸਥਾਨ ਤੋਂ ਲੁਧਿਆਣਾ ਆਏ ਸਨ ਅਤੇ ਪਿਛਲੇ ਦੋ ਦਿਨ ਤੋਂ ਇਥੇ ਰਹਿ ਕੇ ਹਮਲੇ ਦੀ ਯੋਜਨਾ ਬਣਾਉਂਦੇ ਰਹੇ। ਉਨ੍ਹਾਂ ਨੇ ਕਿਹਾ, "ਇਹ ਇੱਕ ਨਵਾਂ ਤੇ ਖਤਰਨਾਕ ਰੁਝਾਨ ਹੈ, ਜਿਸ ਵਿੱਚ ਪਾਕ-ਅਧਾਰਤ ਹੈਂਡਲਰ ਹੋਰ ਰਾਜਾਂ ਦੇ ਅਪਰਾਧੀਆਂ ਨੂੰ ਪੰਜਾਬ ਵਿੱਚ ਅੱਤਵਾਦੀ ਗਤੀਵਿਧੀਆਂ ਲਈ ਵਰਤ ਰਹੇ ਹਨ ਤਾਂ ਜੋ ਉਹ ਪਛਾਣ ਤੋਂ ਬਚ ਸਕਣ।

ਜਾਣਕਾਰੀ ਅਨੁਸਾਰ, ਇਸ ਤੋਂ ਪਹਿਲਾਂ ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ ਕਾਊਂਟਰ ਇੰਟੈਲੀਜੈਂਸ ਯੂਨਿਟ ਨਾਲ ਮਿਲ ਕੇ ਤਿੰਨ ਦੋਸ਼ੀਆਂ— ਫਿਰੋਜ਼ਪੁਰ ਦੇ ਸ਼ਮਸ਼ੇਰ ਸਿੰਘ, ਹਰਿਆਣਾ ਦੇ ਅਜੇ ਅਤੇ ਬਿਹਾਰ ਦੇ ਹਰਸ਼ ਕੁਮਾਰ ਓਝਾ— ਨੂੰ ਗਿਰਫ਼ਤਾਰ ਕਰਕੇ ਮੋਡੀਊਲ ਦਾ ਤੋੜ ਕੀਤਾ ਸੀ। ਪੁਲਿਸ ਨੇ ਪੰਜ ਗਿਰਫ਼ਤਾਰ ਦੋਸ਼ੀਆਂ ਤੋਂ ਦੋ 86P ਚੀਨੀ ਹੈਂਡ ਗ੍ਰਨੇਡ, ਪੰਜ .30 ਬੋਰ ਦੇ ਪਿਸਤੌਲ ਅਤੇ ਲਗਭਗ 40+ ਜ਼ਿੰਦਾ ਰੌਂਦ ਬਰਾਮਦ ਕੀਤੇ ਹਨ।

ਲੌਰੈਂਸ ਬਿਸ਼ਨੋਈ ਗੈਂਗ ਨਾਲ ਜੁੜਿਆ ਇਹ ਮੋਡੀਊਲ ਸਰਕਾਰੀ ਇਮਾਰਤਾਂ ਅਤੇ ਸੰਵੇਦਨਸ਼ੀਲ ਥਾਵਾਂ ਨੂੰ ਨਿਸ਼ਾਨਾ ਬਣਾਉਣ ਲਈ ਗ੍ਰਨੇਡ ਵਰਤਣ ਦੀ ਯੋਜਨਾ ਬਣਾਈ ਹੋਈ ਸੀ।

ਹਾਲ ਹੀ ਵਿੱਚ ਲੁਧਿਆਣਾ ਪੁਲਿਸ ਨੇ ਪਾਕ-ISI ਬੈਕਡ ਇੱਕ ਹੋਰ ਗ੍ਰਨੇਡ ਮੋਡੀਊਲ ਵੀ ਬਰਬਾਦ ਕੀਤਾ ਸੀ, ਜਿਸ ਵਿੱਚ 10 ਦੋਸ਼ੀ ਗਿਰਫ਼ਤਾਰ ਕੀਤੇ ਗਏ ਸਨ ਅਤੇ ਇੱਕ 86P ਚੀਨੀ ਗ੍ਰਨੇਡ, ਇੱਕ ਕਾਲਾ ਕਿਟ ਅਤੇ ਦਸਤਾਨਿਆਂ ਦਾ ਸੈੱਟ ਬਰਾਮਦ ਕੀਤਾ ਗਿਆ ਸੀ।

ਸੀਪੀ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਗਿਰਫ਼ਤਾਰ ਹੋਏ ਸ਼ਮਸ਼ੇਰ ਸਿੰਘ ਦੀ ਨਿਸ਼ਾਨਦੇਹੀ 'ਤੇ ਬਿਹਾਰ ਦੇ ਰਹਿਣ ਵਾਲੇ ਹਰਸ਼ ਓਝਾ ਨੂੰ ਗਿਰਫ਼ਤਾਰ ਕੀਤਾ ਗਿਆ। "ਪੁੱਛਗਿੱਛ ਵਿੱਚ ਪਤਾ ਲੱਗਾ ਕਿ ਓਝਾ ਗ੍ਰਨੇਡ ਸੁੱਟਣ ਵਿੱਚ ਨਿਪੁੰਨ ਹੈ ਅਤੇ ਉਸਨੂੰ ਵੀ ਪੰਜਾਬ ਵਿੱਚ ਹਮਲਾ ਕਰਨ ਲਈ ਕਿਹਾ ਗਿਆ ਸੀ। ਉਹ ਹਾਲ ਹੀ ਵਿੱਚ ਬਿਹਾਰ ਵਿੱਚ ਵੀ ਵਿਦੇਸ਼ੀ ਹੈਂਡਲਰ ਦੇ ਕਹਿਣ 'ਤੇ ਫਾਇਰਿੰਗ ਦੀ ਘਟਨਾ ਵਿੱਚ ਸ਼ਾਮਲ ਸੀ।"

ਸ਼ਮਸ਼ੇਰ ਦੀ ਹੀ ਨਿਸ਼ਾਨਦੇਹੀ 'ਤੇ ਹਰਿਆਣਾ ਤੋਂ ਅਜੇ ਨੂੰ ਗਿਰਫ਼ਤਾਰ ਕੀਤਾ ਗਿਆ ਅਤੇ ਉਸਦੇ ਕਬਜ਼ੇ ਤੋਂ ਦੋ ਪਿਸਤੌਲ ਬਰਾਮਦ ਕੀਤੀਆਂ।

ਸੀਪੀ ਨੇ ਦੱਸਿਆ ਕਿ ਅਜੇ ਦਾ ਸਬੰਧ ਪਵਨ ਨਾਲ ਹੈ— ਜੋ ਲੌਰੈਂਸ ਬਿਸ਼ਨੋਈ ਗੈਂਗ ਦੇ ਹਰਪਾਲ ਸਿੰਘ ਉਰਫ਼ ਹੈਰੀ ਦਾ ਭਰਾ ਹੈ ਅਤੇ ਜਿਸ ਨੇ ਮੂੰਬਈ 'ਚ ਅਦਾਕਾਰ ਸਲਮਾਨ ਖਾਨ ਦੇ ਘਰ 'ਤੇ ਫਾਇਰਿੰਗ ਕੀਤੀ ਸੀ। ਮਾਮਲੇ ਦੀ ਜਾਂਚ ਜਾਰੀ ਹੈ।

ਇਸ ਸੰਬੰਧ ਵਿੱਚ **FIR ਨੰਬਰ 199 (17.11.2025)** ਧਾਰਾ 3, 4, 5 ਐਕਸਪਲੋਸਿਵ ਐਕਟ, ਧਾਰਾ 25 ਆਰਮਜ਼ ਐਕਟ, ਅਤੇ ਧਾਰਾ 113 ਭਾਰਤੀ ਨਿਆਂ ਸੰਹਿਤਾ (BNS) ਅਧੀਨ ਥਾਣਾ ਜੋਧੇਵਾਲ 'ਚ ਦਰਜ ਕੀਤੀ ਗਈ ਹੈ।

ਦੂਜੀ **FIR ਨੰਬਰ 114 (20.11.2025)** ਧਾਰਾ 109, 132, 324(4), 3(5) BNS ਤੇ ਧਾਰਾ 25 ਆਰਮਜ਼ ਐਕਟ ਅਧੀਨ ਥਾਣਾ ਲਾਡੋਵਾਲ 'ਚ ਦਰਜ ਕੀਤੀ ਗਈ ਹੈ।

# ਮੁਕਾਬਲਿਆਂ 'ਚ ਗੈਂਗਸਟਰਾਂ ਦੇ ਮਾਰੇ ਜਾਣ ਉਤੇ 'ਆਪ' ਨੇ ਪੁਲਿਸ ਦੀ ਕੀਤੀ ਪ੍ਰਸ਼ੰਸਾ

## ਗੈਂਗਸਟਰਾਂ ਨੂੰ ਚੇਤਾਵਨੀ, ਪੰਜਾਬ ਛੱਡ ਜਾਓ ਜਾਂ ਪੁਲਿਸ ਮੁਕਾਬਲੇ 'ਚ ਮਾਰੇ ਜਾਓਗੇ : ਕੁਲਦੀਪ ਧਾਲੀਵਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com

ਬੀਤੇ ਦੋ ਦਿਨਾਂ ਵਿਚ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਗੈਂਗਸਟਰਾਂ ਲਈ ਆਮ ਆਦਮੀ ਪਾਰਟੀ ਨੇ ਪੰਜਾਬ ਪੁਲਿਸ ਨੂੰ ਸ਼ਾਬਾਸ਼ ਦਿੱਤੀ ਹੈ। ਦੇਰ ਸ਼ਾਮ ਨੂੰ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਪ੍ਰੈਸ ਕਾਨਫਰੰਸ ਕਰਕੇ ਕਿਹਾ ਕਿ ਅੰਮ੍ਰਿਤਸਰ ਵਿੱਚ 1 ਅਤੇ ਲੁਧਿਆਣੇ ਵਿੱਚ 2 ਗੈਂਗਸਟਰ ਪੁਲਿਸ ਨਾਲ ਹੋਏ ਮੁਕਾਬਲੇ ਵਿੱਚ ਜ਼ਖਮੀ ਹੋਏ ਹਨ ਅਤੇ ਇੱਕ ਗੈਂਗਸਟਰ ਮਾਰਿਆ ਗਿਆ ਹੈ। ਉਨ੍ਹਾਂ ਕਿਹਾ, ਪੰਜਾਬ ਸਰਕਾਰ, ਪੁਲਿਸ ਨੂੰ ਇਸ ਸ਼ਾਨਦਾਰ ਕਾਰਵਾਈ ਲਈ ਦਿਲੋਂ ਸ਼ਾਬਾਸ਼ੀ ਦੇਂਦੀ ਹੈ। ਸੂਬੇ ਵਿੱਚ ਡਰ ਦਾ ਮਾਹੌਲ ਮੁੜ ਕਦੇ ਵੀ ਬਣਨ ਨਹੀਂ ਦਿਆਂਗੇ। ਉਨ੍ਹਾਂ ਗੈਂਗਸਟਰਾਂ ਨੂੰ ਚੇਤਾਵਨੀ ਦਿੱਤੀ ਕਿ ਜਾਂ ਤਾਂ ਪੰਜਾਬ ਛੱਡ ਕੇ ਭੱਜ ਜਾਓ, ਜਾਂ ਫਿਰ ਪੁਲਿਸ ਐਨਕਾਊਂਟਰ ਵਿੱਚ ਮਾਰੇ ਜਾਓਗੇ। ਹੁਣ ਹੋਈਆਂ ਕਾਰਵਾਈਆਂ ਇਸ ਗੱਲ ਦਾ ਸਬੂਤ ਹਨ। ਉਨ੍ਹਾਂ ਕਿਹਾ ਕਿ ਹੁਣ ਸਿਰਫ਼ ਅਤੇ ਸਿਰਫ਼ ਵਿਕਾਸ ਦੀ ਗੱਲ ਹੋਵੇਗੀ।



ਪੰਜਾਬ ਹੁਣ ਸ਼ਾਂਤੀ ਅਤੇ ਤਰੱਕੀ ਦੇ ਰਾਹ 'ਤੇ ਚੱਲੇਗਾ।

# ਬਿਕਰਮ ਸਿੰਘ ਮਜੀਠੀਆ ਦੇ ਸਾਲੇ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com

ਅਕਾਲੀ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਸਾਲੇ ਗਜਪਤ ਸਿੰਘ ਗਰੇਵਾਲ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਮੁਹਾਲੀ ਦੀ ਇੱਕ ਵਿਸ਼ੇਸ਼ ਅਦਾਲਤ ਵੱਲੋਂ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਵਿਜੀਲੈਂਸ ਬਿਊਰੋ ਨੇ ਅਦਾਲਤ ਵਿੱਚ ਇੱਕ ਅਰਜ਼ੀ ਦਾਇਰ ਕਰਕੇ ਕਿਹਾ ਸੀ ਕਿ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਦੀ ਜਾਂਚ ਦੌਰਾਨ ਗਰੇਵਾਲ ਦੀ ਭੂਮਿਕਾ ਸ਼ੱਕੀ ਪਾਈ ਗਈ ਸੀ।

ਇਸ ਤੋਂ ਬਾਅਦ, ਉਸਦਾ ਨਾਮ ਐਫਆਈਆਰ ਵਿੱਚ ਸ਼ਾਮਲ ਕੀਤਾ ਗਿਆ। ਵਿਜੀਲੈਂਸ ਦੇ ਜਾਂਚ ਅਧਿਕਾਰੀ, ਇੰਸਪੈਕਟਰ ਇੰਦਰਪਾਲ ਸਿੰਘ ਨੇ ਵਿਸ਼ੇਸ਼ ਜੱਜ ਨੀਤਿਕਾ ਵਰਮਾ ਦੀ ਅਦਾਲਤ ਵਿੱਚ ਗਰੇਵਾਲ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦੀ ਬੇਨਤੀ ਕੀਤੀ ਸੀ। ਵਿਜੀਲੈਂਸ ਬਿਊਰੋ ਨੇ ਦਾਅਵਾ ਕੀਤਾ ਕਿ ਗਰੇਵਾਲ ਨੇ ਮਜੀਠੀਆ ਦੀਆਂ ਕਥਿਤ ਗੈਰ-ਕਾਨੂੰਨੀ ਜਾਇਦਾਦਾਂ ਇਕੱਠੀਆਂ ਕਰਨ ਅਤੇ ਛੁਪਾਉਣ ਵਿੱਚ ਮੁੱਖ ਭੂਮਿਕਾ ਨਿਭਾਈ। ਵਾਰ-ਵਾਰ ਨੋਟਿਸਾਂ ਦੇ ਬਾਵਜੂਦ, ਉਸਨੇ ਜਾਂਚ ਵਿੱਚ ਹਿੱਸਾ ਨਹੀਂ ਲਿਆ ਅਤੇ ਲਗਾਤਾਰ ਦੇਰੀ ਕਰਨ ਦੇ ਤਰੀਕੇ ਅਪਣਾਏ। ਵਿਜੀਲੈਂਸ ਬਿਊਰੋ ਨੇ ਅਦਾਲਤ ਨੂੰ ਦੱਸਿਆ ਕਿ ਗਰੇਵਾਲ ਵਿਰੁੱਧ ਸੀਆਰਪੀਸੀ ਦੀ ਧਾਰਾ 179 ਤਹਿਤ ਨੋਟਿਸ ਜਾਰੀ ਕੀਤੇ ਗਏ ਸਨ, ਪਰ ਉਸਨੇ ਸਹਿਯੋਗ ਨਹੀਂ ਕੀਤਾ। ਇਸ ਤੋਂ ਇਲਾਵਾ, ਕਿਸੇ ਵੀ ਅਦਾਲਤ ਵੱਲੋਂ ਉਸਦੀ ਗ੍ਰਿਫ਼ਤਾਰੀ 'ਤੇ ਕੋਈ ਰੋਕ ਨਹੀਂ ਹੈ, ਨਾ ਹੀ ਉਸਦੇ ਵਿਰੁੱਧ ਕੋਈ ਜ਼ਮਾਨਤ ਅਰਜ਼ੀ ਲੰਬਿਤ ਹੈ। ਜਾਂਚ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਗਰੇਵਾਲ ਨੂੰ ਅਜੇ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ, ਜਦੋਂ ਕਿ ਦੋਸ਼ ਗੰਭੀਰ ਹਨ। ਅਦਾਲਤ ਨੇ ਰਿਕਾਰਡ ਅਤੇ ਦਲੀਲਾਂ ਦੀ ਸਮੀਖਿਆ ਕਰਨ ਤੋਂ ਬਾਅਦ ਅਰਜ਼ੀ ਮਨਜ਼ੂਰ ਕਰ ਲਈ। ਹੁਕਮ ਵਿੱਚ ਕਿਹਾ ਗਿਆ ਹੈ, "ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਗਜਪਤ ਸਿੰਘ ਗਰੇਵਾਲ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਜਾਂਦੇ ਹਨ। ਵਾਰੰਟ 29 ਨਵੰਬਰ, 2025 ਤੱਕ ਰਿਟਰਨੇਬਲ ਹਨ।"

# ਮੈਰਿਜ ਪੈਲੇਸਾਂ, ਪਬਲਿਕ ਲੋਕੇਸ਼ਨਾਂ ਤੇ ਧਾਰਮਿਕ ਸਥਾਨਾਂ 'ਤੇ ਲਾਊਡ ਸਪੀਕਰਾਂ ਦੀ ਆਵਾਜ਼ 10 ਡੈਸੀਬਲ ਤੋਂ ਘੱਟ ਰੱਖਣ ਦੇ ਹੁਕਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com


ਜਲੰਧਰ, 21 ਨਵੰਬਰ : ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵੱਲੋਂ ਜਾਰੀ ਹਦਾਇਤਾਂ ਨੂੰ ਮੁੱਖ ਰੱਖਦਿਆਂ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਅਮਨਿੰਦਰ ਕੌਰ ਨੇ ਆਵਾਜ਼ ਪ੍ਰਦੂਸ਼ਣ (ਰੈਗੂਲੇਸ਼ਨ ਅਤੇ ਕੰਟਰੋਲ) ਨਿਯਮ, 2000 ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਜਲੰਧਰ ਦੀ ਹੱਦ ਅੰਦਰ ਪੈਂਦੇ ਇਲਾਕਿਆਂ ਵਿੱਚ ਮੈਰਿਜ ਪੈਲੇਸਾਂ, ਪਬਲਿਕ ਲੋਕੇਸ਼ਨਾਂ ਅਤੇ ਧਾਰਮਿਕ ਸਥਾਨਾਂ 'ਤੇ ਲਾਊਡ ਸਪੀਕਰਾਂ ਦੀ ਆਵਾਜ਼ 10 ਡੈਸੀਬਲ ਤੋਂ ਘੱਟ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਬੱਸਾਂ, ਕਾਰਾਂ, ਮੋਟਰਸਾਈਕਲਾਂ ਅਤੇ ਹਰ ਪ੍ਰਕਾਰ ਦੇ ਵਾਹਨਾਂ 'ਤੇ ਪ੍ਰੈਸ਼ਰ ਹਾਰਨਾਂ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਗਈ ਹੈ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮੈਰਿਜ ਪੈਲੇਸਾਂ ਅਤੇ ਪਬਲਿਕ ਲੋਕੇਸ਼ਨਾਂ ਆਦਿ 'ਤੇ ਲਾਊਡ ਸਪੀਕਰ ਆਦਿ ਵਰਤੋਂ ਕਰਨ ਤੋਂ ਪਹਿਲਾਂ ਇਸ ਦੀ ਪੂਰਵ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ ਅਤੇ ਪ੍ਰਵਾਨਗੀ ਉਪਰੰਤ ਲਾਊਡ ਸਪੀਕਰ ਦੀ ਵਰਤੋਂ ਕਰਨ ਦਾ ਸਮਾਂ ਸਵੇਰੇ 6 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ।

# ਗੌਤਮ ਤੇ ਸਾਗਰ ਅਡਾਨੀ ਤੱਕ ਸ਼ਿਕਾਇਤ ਦੀ ਕਾਪੀ ਪੁੱਜਦੀ ਕਰਨ ਲਈ ਯਤਨ ਜਾਰੀ: SEC

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com

ਅਮਰੀਕਾ ਦੇ ਸਕਿਓਰਿਟੀਜ਼ ਤੇ ਐਕਸਚੇਂਜ ਕਮਿਸ਼ਨ (SEC) ਨੇ ਕਥਿਤ Adani Bribery case ਵਿਚ ਮੰਗਲਵਾਰ ਨੂੰ ਸੰਘੀ ਅਦਾਲਤ ਵਿਚ ਦਾਅਵਾ ਕੀਤਾ ਕਿ ਇਸ ਮਾਮਲੇ ਵਿਚ Gautam Adani ਤੇ Sagar Adani ਤੱਕ ਸ਼ਿਕਾਇਤ ਦੀ ਕਾਪੀ/ਸੰਮਨ ਪੁੱਜਦੇ ਕਰਨ ਲਈ ਯਤਨ ਜਾਰੀ ਹਨ। ਕਮਿਸ਼ਨ ਨੇ ਜੱਜ ਨੂੰ ਦੱਸਿਆ ਕਿ ਇਸ ਮਾਮਲੇ ਵਿਚ ਭਾਰਤੀ ਅਥਾਰਿਟੀਜ਼ ਨੂੰ ਵੀ ਮਦਦ ਦੀ ਅਪੀਲ ਕੀਤੀ ਗਈ ਹੈ



"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਵਿਧਾਨ ਸਭਾਵਾਂ ਲਈ ਢੁਕਵੇਂ ਪ੍ਰਤੀਨਿਧੀਆਂ ਦੀ ਚੋਣ ਕਰੋ

ਰਤਨਾਗਿਰੀ ਜ਼ਿਲ੍ਹਾ ਕਿਸਾਨ ਸੰਮੇਲਨ 14 ਅਪ੍ਰੈਲ, 1929 ਨੂੰ ਚਿਪਲੂਨ ਵਿਖੇ ਹੋਇਆ ਸੀ। ਬੰਬਈ ਤੋਂ ਆਏ ਮਹਿਮਾਨ ਦੇਵਰਾਓ ਨਾਇਕ, ਡੀ.ਵੀ. ਪ੍ਰਧਾਨ, ਬੀ.ਆਰ. ਕਾਦਰੇਕਰ, ਸ਼ੰਕਰਰਾਓ ਗੁਪਤੇ, ਸ਼ੰਕਰ ਵਾਡਵਾਲਕਰ, ਸ਼ਿਵਤਾਰਕਰ, ਬਾਬਾ ਅਦਾਰੇਕਰ, ਗਾਇਕਵਾੜ, ਮੋਰੇ ਆਦਿ ਸਨ ਅਤੇ ਚਿਪਲੂਨ ਦੇ ਉੱਘੇ ਲੋਕ ਵਿਨਾਇਕ ਰਾਓ ਬਰਵੇ, ਸਾਠੇ, ਰਾਜਾਧਿਆਕਸ਼, ਖਾਨਸਾਹਿਬ ਦੇਸਾਈ, ਬੇਂਡਕੇ, ਸ਼ਿਵਰਾਮ ਜਾਧਵ ਸ਼ਾਮਲ ਸਨ। ਡਾ. ਬੀ.ਆਰ. ਅੰਬੇਡਕਰ ਨੇ ਸੰਮੇਲਨ ਦੀ ਪ੍ਰਧਾਨਗੀ ਕੀਤੀ।

ਡਾ. ਅੰਬੇਡਕਰ ਨੇ ਆਪਣਾ ਭਾਸ਼ਣ ਦਿੰਦੇ ਹੋਏ ਲੋਕਾਂ ਨੂੰ ਕਿਹਾ-

"ਉਹ ਹੁਣ ਯਕੀਨ ਕਰ ਚੁੱਕੇ ਹਨ ਕਿ ਉਨ੍ਹਾਂ ਦਾ ਜੀਵਨ ਦਲਿਤਾਂ ਦੀ ਭਲਾਈ ਲਈ ਹੈ।" ਉਨ੍ਹਾਂ ਕਿਹਾ ਕਿ ਉਹ ਇੱਕ ਗਰੀਬ ਪਰਿਵਾਰ ਨਾਲ ਸਬੰਧਤ ਸਨ ਅਤੇ ਉਹ ਬੰਬਈ ਸੁਧਾਰ ਟਰੱਸਟ ਦੁਆਰਾ ਬਣਾਏ ਗਏ ਇੱਕ ਕਮਰੇ ਵਿੱਚ ਗਰੀਬਾਂ ਵਿੱਚ ਰਹਿੰਦੇ ਸਨ। ਡਾ. ਅੰਬੇਡਕਰ ਨੇ ਅੱਗੇ ਕਿਹਾ, "ਮੈਂ ਤੁਹਾਡੇ ਦੁੱਖਾਂ ਨੂੰ ਜਾਣਦਾ ਹਾਂ। ਇਹ ਖੋਤੀ ਪ੍ਰਣਾਲੀ ਤੁਹਾਡਾ ਖੂਨ ਚੂਸ ਰਹੀ ਹੈ। ਇਹ ਪ੍ਰਣਾਲੀ, ਜਿਸ ਵਿੱਚ ਕਿਸਾਨ ਨੂੰ ਸੀਮਤ ਸਮੇਂ ਲਈ ਜ਼ਮੀਨ ਕਿਰਾਏ 'ਤੇ ਲੈਣ ਦਾ ਅਧਿਕਾਰ ਮਿਲਦਾ ਹੈ, ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਇਸਦਾ ਖਾਤਮਾ ਤੁਹਾਨੂੰ ਸ਼ਾਂਤੀ ਅਤੇ ਤਰੱਕੀ ਲਿਆਏਗਾ। ਤੁਹਾਨੂੰ ਆਪਣੀ ਅੰਤਿਮ ਮੰਜ਼ਿਲ ਤੱਕ ਪਹੁੰਚਣ ਲਈ ਅੰਦੋਲਨ ਜਾਰੀ ਰੱਖਣਾ ਹੋਵੇਗਾ। ਆਉਣ ਵਾਲੇ ਚਾਰ ਜਾਂ ਪੰਜ ਸਾਲਾਂ ਵਿੱਚ ਅਸੀਂ ਆਪਣੀ ਕਿਸਮਤ ਅਤੇ ਭਵਿੱਖ ਬਾਰੇ ਫੈਸਲੇ ਲੈਣ ਦੇ ਪੂਰੀ ਤਰ੍ਹਾਂ ਯੋਗ ਹੋਵਾਂਗੇ। ਉਸ ਸਮੇਂ ਤੁਹਾਨੂੰ ਸਾਰਿਆਂ ਨੂੰ ਵਿਸ਼ੇਸ਼ ਧਿਆਨ ਰੱਖਣਾ ਹੋਵੇਗਾ ਕਿ ਤੁਸੀਂ ਪੂਰੀ ਸਮਝ ਨਾਲ ਆਪਣੇ ਪ੍ਰਤੀਨਿਧੀਆਂ ਦੀ ਚੋਣ ਕਰੋ ਅਤੇ ਅਜਿਹੇ ਪ੍ਰਤੀਨਿਧੀਆਂ ਨੂੰ ਵਿਧਾਨ ਸਭਾਵਾਂ ਵਿੱਚ ਭੇਜੋ ਜੋ ਪੂਰੀ ਸ਼ਰਧਾ ਅਤੇ ਵਫ਼ਾਦਾਰੀ ਨਾਲ ਖੋਤੀ ਪ੍ਰਣਾਲੀ ਨੂੰ ਖਤਮ ਕਰਨ ਦੇ ਸੰਘਰਸ਼ ਲਈ ਸਮਰਪਿਤ ਹਨ।"

"ਇਕੁਐਲਿਟੀ ਐਂਡ ਜਸਟਿਸ" "Equality and Justice" स्वतंत्रता, समानता, भाईचारा Rs- 100/month

# ਡਾ. ਬੀ.ਆਰ. ਅੰਬੇਡਕਰ ਦਾ 1929 ਦਾ ਚਿਪਲੂਨ ਭਾਸ਼ਣ: ਇੱਕ ਸਮਾਜਿਕ-ਰਾਜਨੀਤਿਕ ਵਿਸ਼ਲੇਸ਼ਣ

## 1.0 ਜਾਣ-ਪਛਾਣ ਅਤੇ ਇਤਿਹਾਸਕ ਸੰਦਰਭ

ਡਾ. ਬੀ.ਆਰ. ਅੰਬੇਡਕਰ ਦੇ ਭਾਸ਼ਣਾਂ ਦਾ ਵਿਸ਼ਲੇਸ਼ਣ ਕਰਨਾ ਸਮਾਜਿਕ ਅਤੇ ਆਰਥਿਕ ਮੁਕਤੀ ਲਈ ਉਨ੍ਹਾਂ ਦੀਆਂ ਵਿਕਸਤ ਹੋ ਰਹੀਆਂ ਰਣਨੀਤੀਆਂ ਨੂੰ ਸਮਝਣ ਦਾ ਇੱਕ ਮਹੱਤਵਪੂਰਨ ਸਾਧਨ ਹੈ। ਇਹ ਭਾਸ਼ਣ ਸਿਰਫ਼ ਇਤਿਹਾਸਕ ਘਟਨਾਵਾਂ ਦੇ ਰਿਕਾਰਡ ਨਹੀਂ ਹਨ, ਸਗੋਂ ਉਨ੍ਹਾਂ ਦੇ ਵਿਚਾਰਾਂ ਦੀ ਡੂੰਘਾਈ ਅਤੇ ਉਨ੍ਹਾਂ ਦੀ ਅਗਵਾਈ ਸ਼ੈਲੀ ਨੂੰ ਪ੍ਰਗਟ ਕਰਨ ਵਾਲੇ ਮੁੱਢਲੇ ਇਤਿਹਾਸਕ ਦਸਤਾਵੇਜ਼ ਹਨ। ਇਸ ਸੰਦਰਭ ਵਿੱਚ, ਉਨ੍ਹਾਂ ਦਾ 1929 ਦਾ ਚਿਪਲੂਨ ਭਾਸ਼ਣ ਵਿਸ਼ੇਸ਼ ਮਹੱਤਵ ਰੱਖਦਾ ਹੈ, ਜਿੱਥੇ ਉਨ੍ਹਾਂ ਨੇ ਆਰਥਿਕ ਸ਼ੋਸ਼ਣ ਵਿਰੁੱਧ ਸਪੱਸ਼ਟ ਰਾਜਨੀਤਿਕ ਕਾਰਵਾਈ ਕਰਨ ਦਾ ਸੱਦਾ ਦਿੱਤਾ ਸੀ।

ਇਹ ਮਹੱਤਵਪੂਰਨ ਭਾਸ਼ਣ 14 ਅਪ੍ਰੈਲ, 1929 ਨੂੰ ਚਿਪਲੂਨ ਵਿੱਚ ਆਯੋਜਿਤ ਰਤਨਾਗਿਰੀ ਜ਼ਿਲ੍ਹਾ ਕਿਸਾਨ



ਸੰਮੇਲਨ ਦੌਰਾਨ ਦਿੱਤਾ ਗਿਆ ਸੀ, ਜਿਸਦੀ ਪ੍ਰਧਾਨਗੀ ਡਾ. ਬੀ.ਆਰ. ਅੰਬੇਡਕਰ ਨੇ ਖੁਦ ਕੀਤੀ ਸੀ। ਇਸ ਕਾਨਫਰੰਸ ਦੀ ਗੰਭੀਰਤਾ ਦੇਵਰਾਓ ਨਾਇਕ ਅਤੇ ਡੀ.ਵੀ. ਸਮੇਤ ਹਾਜ਼ਰ ਹੋਏ ਡੈਲੀਗੇਟਾਂ ਦੀ ਗਿਣਤੀ ਤੋਂ ਸਪੱਸ਼ਟ ਹੁੰਦੀ ਹੈ। ਪ੍ਰਧਾਨ ਵਰਗੇ ਕਾਰਕੁਨਾਂ ਅਤੇ ਬੁੱਧੀਜੀਵੀਆਂ ਦਾ ਇੱਕ ਮਹੱਤਵਪੂਰਨ ਵਫ਼ਦ ਬੰਬਈ ਤੋਂ ਆਇਆ ਸੀ, ਅਤੇ ਵਿਨਾਇਕ ਰਾਓ ਬਰਵੇ ਸਮੇਤ ਚਿਪਲੂਨ ਦੇ ਪ੍ਰਭਾਵਸ਼ਾਲੀ ਸਥਾਨਕ ਪਤਵੰਤੇ ਵੀ ਮੌਜੂਦ ਸਨ। ਮਹਾਂਨਗਰੀ ਅਤੇ ਸਥਾਨਕ ਲੀਡਰਸ਼ਿਪ ਦੇ ਇਸ ਸੰਗਮ ਨੇ ਅੰਦੋਲਨ ਦੀ ਵਧਦੀ ਸੰਗਠਨਾਤਮਕ ਤਾਕਤ ਨੂੰ ਉਜਾਗਰ ਕੀਤਾ।

ਆਪਣੇ ਪ੍ਰਧਾਨਗੀ ਭਾਸ਼ਣ ਵਿੱਚ, ਡਾ. ਅੰਬੇਡਕਰ ਨੇ ਕਿਸਾਨਾਂ ਦੀ ਦੁਰਦਸ਼ਾ ਦੇ ਮੂਲ ਕਾਰਨ 'ਤੇ ਸਿੱਧਾ ਹਮਲਾ ਕੀਤਾ। ਉਨ੍ਹਾਂ ਨੇ ਆਪਣਾ ਵਿਸ਼ਲੇਸ਼ਣ ਸ਼ੋਸ਼ਣਕਾਰੀ "ਖੋਟੀ" ਪ੍ਰਣਾਲੀ 'ਤੇ ਕੇਂਦ੍ਰਿਤ ਕੀਤਾ, ਜੋ ਕਿ ਖੇਤਰ ਦੇ ਕਿਸਾਨਾਂ ਲਈ ਬੇਇਨਸਾਫ਼ੀ ਦਾ ਸਮਾਨਾਰਥੀ ਬਣ ਗਿਆ ਸੀ।

## 2.0 "ਖੋਟੀ" ਪ੍ਰਣਾਲੀ ਦੀ ਆਲੋਚਨਾ: ਸ਼ੋਸ਼ਣ ਦਾ ਕੇਂਦਰ

ਚਿਪਲੂਨ ਵਿੱਚ ਇਕੱਠੇ ਹੋਏ ਕਿਸਾਨਾਂ ਲਈ, "ਖੋਟੀ" ਪ੍ਰਣਾਲੀ ਉਨ੍ਹਾਂ ਦੇ ਦੁੱਖ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਤੁਰੰਤ ਸਰੋਤ ਸੀ। ਡਾ. ਅੰਬੇਡਕਰ ਦਾ ਇਸ ਪ੍ਰਣਾਲੀ 'ਤੇ ਸਿੱਧਾ ਅਤੇ ਸਮਝੌਤਾਹੀਣ ਹਮਲਾ ਉਨ੍ਹਾਂ ਦੇ ਭਾਸ਼ਣ ਦਾ ਕੇਂਦਰ ਸੀ। ਇਸ ਪ੍ਰਣਾਲੀ ਦੀਆਂ ਗੁੰਝਲਾਂ ਵਿੱਚ ਡੁੱਬਣ ਦੀ ਬਜਾਏ, ਉਨ੍ਹਾਂ ਨੇ ਇਸਨੂੰ ਨੈਤਿਕ ਅਤੇ ਆਰਥਿਕ ਸ਼ੋਸ਼ਣ ਦੇ ਇੱਕ ਸਪੱਸ਼ਟ ਪ੍ਰਤੀਕ ਵਜੋਂ ਪੇਸ਼ ਕੀਤਾ, ਜਿਸ ਨਾਲ ਆਮ ਕਿਸਾਨ ਆਸਾਨੀ ਨਾਲ ਜੁੜ ਸਕਦਾ ਸੀ।

ਡਾ. ਅੰਬੇਡਕਰ ਨੇ ਇਸ ਪ੍ਰਣਾਲੀ ਦੇ ਬੇਰਹਿਮ ਸੁਭਾਅ ਨੂੰ ਇੱਕ ਦਰਦਨਾਕ ਵਾਕ ਵਿੱਚ ਸੰਖੇਪ ਵਿੱਚ ਕਿਹਾ, "ਇਹ ਖੋਟੀ ਪ੍ਰਣਾਲੀ ਤੁਹਾਡਾ ਖੂਨ ਚੂਸ ਰਹੀ ਹੈ।" ਇਹ ਸਿਰਫ਼ ਇੱਕ ਬਿਆਨਬਾਜ਼ੀ ਵਾਲਾ ਬਿਆਨ ਨਹੀਂ ਸੀ; ਇਹ ਇੱਕ ਰਣਨੀਤਕ ਚੋਣ ਸੀ। ਇਸ ਜੈਵਿਕ ਅਤੇ ਪਰਜੀਵੀ ਰੂਪਕ ਦੀ ਵਰਤੋਂ ਕਰਕੇ, ਉਸਨੇ ਇੱਕ ਅਮੂਰਤ ਆਰਥਿਕ ਪ੍ਰਣਾਲੀ ਨੂੰ ਇੱਕ ਜੀਵਤ, ਠੋਸ ਦੁਸ਼ਮਣ ਵਿੱਚ ਬਦਲ ਦਿੱਤਾ, ਜਿਸ ਨਾਲ ਇਸਦੇ ਖਾਤਮੇ ਦੀ ਜ਼ਰੂਰਤ ਜ਼ਰੂਰੀ ਅਤੇ ਗੈਰ-ਗੱਲਬਾਤਯੋਗ ਜਾਪਦੀ ਹੈ। ਉਸਨੇ ਸਮੱਸਿਆ ਦੀ ਜੜ੍ਹ ਨੂੰ ਪਰਿਭਾਸ਼ਿਤ ਕੀਤਾ, ਇਹ ਸਮਝਾਉਂਦੇ ਹੋਏ ਕਿ ਇਸ ਪ੍ਰਣਾਲੀ ਨੇ ਕਿਸਾਨਾਂ ਨੂੰ ਸਿਰਫ਼ ਇੱਕ ਸੀਮਤ ਸਮੇਂ ਲਈ ਜ਼ਮੀਨ ਕਿਰਾਏ 'ਤੇ ਦਿੱਤੀ, ਜੋ ਕਿ ਉਨ੍ਹਾਂ ਦੀ ਅਸੁਰੱਖਿਆ ਅਤੇ ਸ਼ੋਸ਼ਣ ਦਾ ਮੂਲ ਕਾਰਨ ਸੀ।

ਡਾ. ਅੰਬੇਡਕਰ ਨੇ ਨਾ ਸਿਰਫ਼ ਸਮੱਸਿਆ ਦਾ ਵਰਣਨ ਕੀਤਾ ਬਲਕਿ ਇਸਦੇ ਹੱਲ ਤੋਂ ਪ੍ਰਾਪਤ ਹੋਣ ਵਾਲੇ ਠੋਸ ਲਾਭਾਂ ਦੀ ਰੂਪਰੇਖਾ ਵੀ ਦਿੱਤੀ। ਉਸਨੇ ਖੋਤੀ ਪ੍ਰਣਾਲੀ ਦੇ ਅੰਤ ਨੂੰ ਸਿੱਧੇ ਤੌਰ 'ਤੇ ਕਿਸਾਨਾਂ ਲਈ "ਸ਼ਾਂਤੀ" ਅਤੇ "ਤਰੱਕੀ" ਨਾਲ ਜੋੜਿਆ। ਇਸ ਤਰ੍ਹਾਂ, ਉਸਨੇ ਇੱਕ ਰਾਜਨੀਤਿਕ ਮੰਗ ਨੂੰ ਇੱਕ ਬਿਹਤਰ ਅਤੇ ਸੁਰੱਖਿਅਤ ਭਵਿੱਖ ਦੇ ਦ੍ਰਿਸ਼ਟੀਕੋਣ ਵਿੱਚ ਬਦਲ ਦਿੱਤਾ, ਕਿਸਾਨਾਂ ਨੂੰ ਸੰਘਰਸ਼ ਲਈ ਇੱਕ ਸਕਾਰਾਤਮਕ ਟੀਚਾ ਦਿੱਤਾ। ਡਾ. ਅੰਬੇਡਕਰ ਸਮਝ ਗਏ ਕਿ ਸਿਰਫ਼ ਇੱਕ ਤਿੱਖਾ ਆਰਥਿਕ ਵਿਸ਼ਲੇਸ਼ਣ ਜਨਤਾ ਨੂੰ ਲਾਮਬੰਦ ਕਰਨ ਲਈ ਨਾਕਾਫ਼ੀ ਹੈ। ਦਮਨਕਾਰੀ ਪ੍ਰਣਾਲੀ 'ਤੇ ਆਪਣੇ ਹਮਲੇ ਨੂੰ ਇੱਕ ਜਨਤਕ ਅੰਦੋਲਨ ਵਿੱਚ ਬਦਲਣ ਲਈ, ਉਸਨੂੰ ਪਹਿਲਾਂ ਵਿਸ਼ਵਾਸ ਦਾ ਇੱਕ ਅਟੁੱਟ ਬੰਧਨ ਬਣਾਉਣਾ ਪਿਆ, ਇੱਕ ਅਮੂਰਤ ਰਾਜਨੀਤਿਕ ਸੰਘਰਸ਼ ਨੂੰ ਇੱਕ ਡੂੰਘੇ ਨਿੱਜੀ ਉਦੇਸ਼ ਵਿੱਚ ਬਦਲਣਾ ਪਿਆ।

## 3.0 ਏਕਤਾ ਦਾ ਨਿਰਮਾਣ: ਨਿੱਜੀ ਤੋਂ ਰਾਜਨੀਤਿਕ ਤੱਕ

ਕਿਸੇ ਵੀ ਜਨਤਕ ਅੰਦੋਲਨ ਦੀ ਸਫਲਤਾ ਲਈ ਲੋੜ ਹੁੰਦੀ ਹੈ ਕਿ ਨੇਤਾ ਆਪਣੇ ਦਰਸ਼ਕਾਂ ਨਾਲ ਨਿੱਜੀ ਏਕਤਾ ਸਥਾਪਤ ਕਰੇ। ਇਹ ਤਕਨੀਕ ਨਾ ਸਿਰਫ਼ ਵਿਸ਼ਵਾਸ ਪੈਦਾ ਕਰਦੀ ਹੈ ਸਗੋਂ ਇੱਕ ਰਾਜਨੀਤਿਕ ਸੰਦੇਸ਼ ਨੂੰ ਇੱਕ ਸਾਂਝੇ ਉਦੇਸ਼ ਵਿੱਚ ਵੀ ਬਦਲਦੀ ਹੈ। ਡਾ. ਅੰਬੇਡਕਰ ਇਸ ਕਲਾ ਦੇ ਮਾਹਰ ਸਨ, ਅਤੇ ਉਨ੍ਹਾਂ ਨੇ ਆਪਣੇ ਚਿਪਲੂਨ ਭਾਸ਼ਣ ਵਿੱਚ ਇਸਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕੀਤੀ। ਆਪਣੇ ਨਿੱਜੀ ਜੀਵਨ ਦੀਆਂ ਉਦਾਹਰਣਾਂ ਰਾਹੀਂ, ਉਨ੍ਹਾਂ ਨੇ ਇਹ ਸਪੱਸ਼ਟ ਕੀਤਾ ਕਿ ਉਹ ਸਿਰਫ਼ ਇੱਕ ਬਾਹਰੀ ਨੇਤਾ ਨਹੀਂ ਸਨ, ਸਗੋਂ ਉਨ੍ਹਾਂ ਵਿੱਚੋਂ ਇੱਕ ਸਨ ਜੋ ਉਨ੍ਹਾਂ ਦੇ ਦੁੱਖਾਂ ਨੂੰ ਸਮਝਦੇ ਸਨ।

* ਸਮਰਪਣ ਦਾ ਪ੍ਰਣ: ਉਨ੍ਹਾਂ ਨੇ ਇਹ ਐਲਾਨ ਕਰਕੇ ਆਪਣੀ ਵਚਨਬੱਧਤਾ ਪ੍ਰਗਟ ਕੀਤੀ ਕਿ ਉਹ "ਹੁਣ ਯਕੀਨ ਕਰ ਚੁੱਕੇ ਹਨ ਕਿ ਉਨ੍ਹਾਂ ਦਾ ਜੀਵਨ ਦਲਿਤਾਂ ਦੀ ਭਲਾਈ ਲਈ ਸਮਰਪਿਤ ਸੀ।" "ਹੁਣ ਯਕੀਨ ਕਰ ਲਿਆ" ਵਾਕੰਸ਼ ਦੀ ਵਰਤੋਂ ਇੱਥੇ ਮਹੱਤਵਪੂਰਨ ਹੈ। ਇਹ ਇੱਕ ਸਧਾਰਨ ਘੋਸ਼ਣਾ ਦੀ ਬਜਾਏ ਸਵੈ-ਬੋਧ ਦੀ ਯਾਤਰਾ ਨੂੰ ਦਰਸਾਉਂਦਾ ਹੈ, ਜਿਸ ਨਾਲ ਉਨ੍ਹਾਂ ਦੇ ਦ੍ਰਿੜ ਇਰਾਦੇ ਨੂੰ ਹੋਰ ਵੀ ਡੂੰਘਾ ਅਤੇ ਨਿੱਜੀ ਬਣਾਇਆ ਗਿਆ। ਇਸਨੇ ਦਰਸ਼ਕਾਂ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਦਾ ਨੇਤਾ ਉਨ੍ਹਾਂ ਦੇ ਉਦੇਸ਼ ਲਈ ਨਿਰਸਵਾਰਥ ਸਮਰਪਿਤ ਸੀ।

ਸਾਂਝਾ ਅਨੁਭਵ: ਜਦੋਂ ਉਨ੍ਹਾਂ ਨੇ ਆਪਣੀਆਂ ਜੜ੍ਹਾਂ ਨੂੰ ਯਾਦ ਕੀਤਾ, ਕਿਹਾ ਕਿ ਉਹ ਇੱਕ "ਗਰੀਬ ਪਰਿਵਾਰ" ਤੋਂ ਆਇਆ ਸੀ ਅਤੇ "ਬੰਬੇ ਸੁਧਾਰ ਟਰੱਸਟ ਦੁਆਰਾ ਬਣਾਈ ਗਈ ਇੱਕ ਝੌਂਪੜੀ ਵਿੱਚ ਰਹਿੰਦਾ ਸੀ" ਤਾਂ ਉਨ੍ਹਾਂ ਨੇ ਆਪਣੇ ਅਤੇ ਆਪਣੇ ਦਰਸ਼ਕਾਂ ਵਿਚਕਾਰ ਪਾੜੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕੀਤਾ। ਬੰਬੇ ਸੁਧਾਰ ਟਰੱਸਟ ਦੇ ਇਸ ਖਾਸ ਸੰਦਰਭ ਨੇ ਉਨ੍ਹਾਂ ਦੇ ਅਨੁਭਵ ਨੂੰ ਇੱਕ ਅਸਲ ਅਤੇ ਪ੍ਰਮਾਣਿਤ ਜਨਤਕ ਰਿਹਾਇਸ਼ ਪ੍ਰਣਾਲੀ ਦੇ ਸੰਦਰਭ ਵਿੱਚ ਰੱਖਿਆ, ਇਤਿਹਾਸਕ ਪ੍ਰਮਾਣਿਕਤਾ ਦੀ ਇੱਕ ਪਰਤ ਜੋੜੀ। ਇਸ ਸਾਂਝੇ ਅਨੁਭਵ ਨੇ ਉਨ੍ਹਾਂ ਦੇ ਬਿਆਨ, "ਮੈਂ ਤੁਹਾਡੇ ਦੁੱਖਾਂ ਨੂੰ ਜਾਣਦਾ ਹਾਂ," ਨੂੰ ਹੋਰ ਵੀ ਸ਼ਕਤੀਸ਼ਾਲੀ ਬਣਾ ਦਿੱਤਾ। ਇਹ ਸਿਰਫ਼ ਹਮਦਰਦੀ ਨਹੀਂ ਸੀ, ਸਗੋਂ ਹਮਦਰਦੀ ਦੀ ਡੂੰਘੀ ਭਾਵਨਾ ਸੀ ਜਿਸਨੇ ਉਨ੍ਹਾਂ ਨੂੰ ਕਿਸਾਨਾਂ ਦੇ ਸੱਚੇ ਪ੍ਰਤੀਨਿਧੀ ਵਜੋਂ ਸਥਾਪਿਤ ਕੀਤਾ।


ਏਕਤਾ ਦੀ ਇਸ ਮਜ਼ਬੂਤ ਨੀਂਹ 'ਤੇ, ਡਾ. ਅੰਬੇਡਕਰ ਨੇ ਕਿਸਾਨਾਂ ਨੂੰ ਭਵਿੱਖ ਲਈ ਇੱਕ ਠੋਸ ਅਤੇ ਅਗਾਂਹਵਧੂ ਯੋਜਨਾ ਪੇਸ਼ ਕੀਤੀ।

## 4.0 ਅੱਗੇ ਵਧਣ ਦਾ ਰਸਤਾ: ਰਾਜਨੀਤਿਕ ਕਾਰਵਾਈ ਲਈ ਸੱਦਾ

ਡਾ. ਅੰਬੇਡਕਰ ਦਾ ਭਾਸ਼ਣ ਸਿਰਫ਼ ਆਲੋਚਨਾ ਕਰਨ ਜਾਂ ਸਮੱਸਿਆਵਾਂ ਪ੍ਰਤੀ ਹਮਦਰਦੀ ਪ੍ਰਗਟ ਕਰਨ ਤੱਕ ਸੀਮਤ ਨਹੀਂ ਸੀ। ਇਸਦਾ ਮੁੱਖ ਉਦੇਸ਼ ਰਾਜਨੀਤਿਕ ਸ਼ਕਤੀ ਅਤੇ ਸਵੈ-ਨਿਰਣੇ ਨੂੰ ਪ੍ਰਾਪਤ ਕਰਨ ਲਈ ਇੱਕ ਸਪਸ਼ਟ ਅਤੇ ਕਾਰਜਸ਼ੀਲ ਰੋਡਮੈਪ ਪ੍ਰਦਾਨ ਕਰਨਾ ਸੀ। ਉਸਨੇ ਕਿਸਾਨਾਂ ਨੂੰ ਸਮਝਾਇਆ ਕਿ ਸਿਰਫ਼ ਸ਼ਿਕਾਇਤਾਂ ਉਨ੍ਹਾਂ ਦੀ ਸਥਿਤੀ ਨੂੰ ਨਹੀਂ ਬਦਲਣਗੀਆਂ; ਉਹਨਾਂ ਨੂੰ ਰਾਜਨੀਤਿਕ ਪ੍ਰਕਿਰਿਆ ਵਿੱਚ ਸੰਗਠਿਤ ਅਤੇ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ।

ਉਸਨੇ ਸਸ਼ਕਤੀਕਰਨ ਲਈ ਇੱਕ ਦੋ-ਪੱਖੀ ਰਣਨੀਤੀ ਪੇਸ਼ ਕੀਤੀ:

1. ਨਿਰੰਤਰ ਅੰਦੋਲਨ: ਉਸਨੇ ਨਿਰੰਤਰ ਸੰਘਰਸ਼ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਨਿਰਦੇਸ਼ ਦਿੱਤਾ, "ਤੁਹਾਨੂੰ ਅੰਦੋਲਨ ਜਾਰੀ ਰੱਖਣਾ ਚਾਹੀਦਾ ਹੈ।" ਇਸਦਾ ਅਰਥ ਇਹ ਸੀ ਕਿ ਮੁਕਤੀ ਇੱਕ ਵਾਰ ਦੀ ਘਟਨਾ ਨਹੀਂ ਸੀ, ਸਗੋਂ ਇੱਕ ਨਿਰੰਤਰ ਪ੍ਰਕਿਰਿਆ ਸੀ ਜਿਸ ਲਈ ਨਿਰੰਤਰ ਦਬਾਅ ਅਤੇ ਸੰਗਠਨ ਦੀ ਲੋੜ ਹੁੰਦੀ ਸੀ।
2. ਵਿਧਾਨਕ ਸ਼ਕਤੀ: ਉਸਨੇ ਰਾਜਨੀਤਿਕ ਕਾਰਵਾਈ ਲਈ ਇੱਕ ਮਹੱਤਵਪੂਰਨ ਸੱਦਾ ਜਾਰੀ ਕੀਤਾ। ਉਸਨੇ ਕਿਸਾਨਾਂ ਨੂੰ ਸਮਝਾਇਆ ਕਿ ਉਹਨਾਂ ਨੂੰ ਵਿਧਾਨ ਸਭਾਵਾਂ ਵਿੱਚ ਪ੍ਰਤੀਨਿਧੀ ਭੇਜਣੇ ਚਾਹੀਦੇ ਹਨ ਜੋ "ਪੂਰੀ ਸ਼ਰਧਾ ਅਤੇ ਵਫ਼ਾਦਾਰੀ ਨਾਲ" ਇੱਕ ਟੀਚੇ ਲਈ ਸਮਰਪਿਤ ਸਨ: ਖੋਤੀ ਪ੍ਰਣਾਲੀ ਨੂੰ ਖਤਮ ਕਰਨ ਲਈ ਲੜਨਾ। ਇਹ ਉਸਦੀ ਰਣਨੀਤੀ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਸੀ - ਆਰਥਿਕ ਸ਼ੋਸ਼ਣ ਨੂੰ ਖਤਮ ਕਰਨ ਲਈ ਰਾਜਨੀਤਿਕ ਸ਼ਕਤੀ ਦੀ ਵਰਤੋਂ ਕਰਨਾ।



ਇੰਜੀ. ਹਰਦੀਪ ਸਿੰਘ ਚੁੰਬਰ

ਇਸ ਭਾਸ਼ਣ ਵਿੱਚ ਇੱਕ ਆਸ਼ਾਵਾਦੀ ਅਤੇ ਟੀਚਾ-ਅਧਾਰਤ ਪਹੁੰਚ ਵੀ ਸੀ। ਡਾ. ਅੰਬੇਡਕਰ ਨੇ ਭਵਿੱਖਬਾਣੀ ਕੀਤੀ ਸੀ ਕਿ "ਆਉਣ ਵਾਲੇ ਚਾਰ ਜਾਂ ਪੰਜ ਸਾਲਾਂ ਵਿੱਚ," ਲੋਕ ਆਪਣੀ ਕਿਸਮਤ ਅਤੇ ਭਵਿੱਖ ਬਾਰੇ ਫੈਸਲਾ ਲੈਣ ਦੇ ਯੋਗ ਹੋਣਗੇ। ਇਹ ਕੋਈ ਸਤਹੀ ਵਾਅਦਾ ਨਹੀਂ ਸੀ, ਸਗੋਂ ਅੰਦੋਲਨ-ਨਿਰਮਾਣ ਲਈ ਇੱਕ ਰਣਨੀਤਕ ਸਾਧਨ ਸੀ। ਇਹ ਖਾਸ ਸਮਾਂ-ਸੀਮਾ ਇੱਕ ਲੰਬੇ ਸੰਘਰਸ਼ ਵਿੱਚ ਨਿਰਾਸ਼ਾ ਦੀ ਭਾਵਨਾ ਨੂੰ ਦੂਰ ਕਰਨ ਲਈ ਤਿਆਰ ਕੀਤੀ ਗਈ ਸੀ। ਇਸਨੇ ਆਉਣ ਵਾਲੀ ਜਿੱਤ ਦੀ ਭਾਵਨਾ ਪੈਦਾ ਕੀਤੀ, ਜਿਸ ਨਾਲ ਜ਼ਰੂਰੀ ਕੁਰਬਾਨੀਆਂ ਅਤੇ ਨਿਰੰਤਰ ਕਾਰਵਾਈਆਂ ਨੂੰ ਪ੍ਰਬੰਧਨਯੋਗ ਅਤੇ ਸਾਰਥਕ ਜਾਪਦਾ ਸੀ। ਇਸਨੇ ਇੱਕ ਅਨਿਸ਼ਚਿਤ ਸੰਘਰਸ਼ ਨੂੰ ਇੱਕ ਸਮੇਂ ਸਿਰ, ਪ੍ਰਾਪਤੀਯੋਗ ਪ੍ਰੋਜੈਕਟ ਵਿੱਚ ਬਦਲ ਦਿੱਤਾ।

ਇਹ ਸਪੱਸ਼ਟ ਰਣਨੀਤਕ ਦ੍ਰਿਸ਼ਟੀਕੋਣ ਡਾ. ਅੰਬੇਡਕਰ ਦੀ ਅਗਵਾਈ ਦੀ ਇੱਕ ਵਿਸ਼ੇਸ਼ਤਾ ਸੀ, ਜੋ ਇਸ ਭਾਸ਼ਣ ਦੇ ਇਤਿਹਾਸਕ ਮਹੱਤਵ ਨੂੰ ਉਜਾਗਰ ਕਰਦੀ ਸੀ।

## 5.0 ਸਿੱਟਾ: ਭਾਸ਼ਣ ਦੀ ਸਥਾਈ ਵਿਰਾਸਤ

ਡਾ. ਬੀ.ਆਰ. ਅੰਬੇਡਕਰ ਦਾ 1929 ਦਾ ਚਿਪਲੂਨ ਭਾਸ਼ਣ ਰਾਜਨੀਤਿਕ ਸੰਗਠਨ ਦਾ ਇੱਕ ਮਾਸਟਰਪੀਸ ਹੈ। ਇਹ ਭਾਸ਼ਣ ਦਰਸਾਉਂਦਾ ਹੈ ਕਿ ਇੱਕ ਨੇਤਾ ਕਿਵੇਂ ਆਰਥਿਕ ਸ਼ੋਸ਼ਣ (ਖੋਟੀ ਪ੍ਰਣਾਲੀ) ਦਾ ਨਿਦਾਨ ਕਰ ਸਕਦਾ ਹੈ, ਨਿੱਜੀ ਪ੍ਰਮਾਣਿਕਤਾ ਅਤੇ ਸਾਂਝੀ ਪਛਾਣ (ਉਸਦੀ ਉਤਪਤੀ) ਸਥਾਪਤ ਕਰ ਸਕਦਾ ਹੈ, ਅਤੇ ਫਿਰ ਨਤੀਜੇ ਵਜੋਂ ਸਮੂਹਿਕ ਗੁੱਸੇ ਨੂੰ ਇੱਕ ਸਟੀਕ, ਕਾਰਵਾਈਯੋਗ ਰਾਜਨੀਤਿਕ ਪ੍ਰੋਗਰਾਮ (ਵਿਧਾਨਕ ਸ਼ਕਤੀ) ਵਿੱਚ ਬਦਲ ਸਕਦਾ ਹੈ। ਉਸਨੇ ਨਾ ਸਿਰਫ਼ ਕਿਸਾਨਾਂ ਦੇ ਦੁੱਖਾਂ ਨੂੰ ਆਵਾਜ਼ ਦਿੱਤੀ, ਸਗੋਂ ਉਨ੍ਹਾਂ ਨੂੰ ਉਸ ਦੁੱਖ ਤੋਂ ਮੁਕਤੀ ਦਾ ਰਸਤਾ ਵੀ ਦਿਖਾਇਆ।

ਅੰਤ ਵਿੱਚ, ਇਹ ਭਾਸ਼ਣ ਡਾ. ਅੰਬੇਡਕਰ ਦੇ ਮੁੱਖ ਦਰਸ਼ਨ ਦੀ ਪੁਸ਼ਟੀ ਕਰਦਾ ਹੈ: ਸਮਾਜਿਕ ਅਤੇ ਆਰਥਿਕ ਜ਼ੁਲਮ ਤੋਂ ਸੱਚੀ ਮੁਕਤੀ ਸਿਰਫ ਰਣਨੀਤਕ ਪ੍ਰਾਪਤੀ ਅਤੇ ਰਾਜਨੀਤਿਕ ਸ਼ਕਤੀ ਦੀ ਵਰਤੋਂ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਸਿਰਫ਼ ਇੱਕ ਇਤਿਹਾਸਕ ਭਾਸ਼ਣ ਨਹੀਂ ਹੈ, ਸਗੋਂ ਅੱਜ ਵੀ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਲਈ ਸ਼ਕਤੀ, ਸੰਗਠਨ ਅਤੇ ਸਵੈ-ਨਿਰਣੇ ਦੀ ਮਹੱਤਤਾ ਦਾ ਇੱਕ ਸਥਾਈ ਪ੍ਰਮਾਣ ਹੈ।

# ਸਾਰ ਪ੍ਰਸਿੱਧ ਹਕੀਮ ਲੁਕਮਾਨ ਦੇ ਚਾਰ ਉਪਦੇਸ਼
## ਪੇਸ਼ਕਸ਼: ਗੁਰਦੀਪ ਸਿੰਘ 98881 26690

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com

ਦੁਨੀਆਂ ਦਾ ਪ੍ਰਸਿੱਧ ਹਕੀਮ ਲੁਕਮਾਨ ਦਾ ਜਨਮ 1100 ਈਸਾ ਪੂਰਵ ਨੂੰ ਹੋਇਆ। ਇਹ ਅਫਰੀਕੀ ਮੂਲ ਦਾ ਸੀ , ਪਰ ਅਰਬ ਦੇ ਇਰਾਨੀ ਬਾਦਸ਼ਾਹ ਨੇ ਖਰੀਦ ਕਿ ਗੁਲਾਮ ਬਣਾ ਕਿ ਆਪਣੇ ਕਿਸੇ ਚਹੇਤੇ ਨੂੰ ਸੇਵਾ ਕਰਨ ਲਈ ਦੇ ਦਿਤਾ ਸੀ। ਇਸਨੇ ਆਪਣੇ ਮਾਲਕ ਦੀ ਖੂਬ ਸੇਵਾ ਕੀਤੀ ਅੰਞਾਣਾ ਬਾਲਕ ਸੀ। ਉਪਰ ਵਾਲੇ ਨੇ ਕੁਝ ਨਿਆਮਤ ਬਖਸ਼ਣੀ ਸੀ।ਇਕ ਦਿਨ ਇਸ ਦੇ ਮਾਲਕ ਨੇ ਪਹਿਲਾਂ ਖੁਦ ਚੱਖ ਕਿ ਇਕ ਕਾਕੜੀ ਖਾਣ ਨੂੰ ਦਿਤੀ ਜੋ ਕਿ ਕੌੜੀ ਸੀ, ਇਹ ਬੜੇ ਸਵਾਦ ਨਾਲ ਖਾ ਗਿਆ, ਮਾਲਿਕ ਨੇ ਪੁੱਛਿਆ ਲੁਕਮਾਨ ਕਾਕੜੀ ਤਾਂ ਕੌੜੀ ਸੀ ਪਰ ਤੂੰ ਖਾਣ ਵੇਲੇ ਇਕ ਵਾਰ ਵੀ ਬੁਰਾ ਨਹੀਂ ਮਨਾਇਆ? ਲੁਕਮਾਨ ਨੇ ਹਥ ਜੋੜ ਦਿੱਤੇ , ਹਜ਼ੂਰ ਗੁਲਾਮਾਂ ਲਈ ਕੀ ਕੌੜਾ ਤੇ ਕੀ ਮਿੱਠਾ।ਜਦੋਂ ਅਸਲੀ ਮਾਲਿਕ ਦੀ ਦਰਗਾਹ ਵਿੱਚ ਜਾਵਾਂਗੇ , ਕੌੜੇ ਮਿੱਠੇ ਬਾਰੇ ਫਿਰ ਸਵਾਲ ਕਰਾਂਗੇ। ਅੱਲਾ ਤਾਲਾ ਸਭਨਾਂ ਲਈ ਇਕ ਹੈ, ਫਿਰ ਤੂੰ ਮਾਲਿਕ ਤੇ ਮੈਂ ਗੁਲਾਮ ਕਿਓ ?

ਲੁਕਮਾਨ ਦੀਆਂ ਭੇਦ ਭਰੀਆਂ ਗਲਾਂ ਸੁਣਕੇ ਮਾਲਿਕ ਹੈਰਾਨ ਰਹਿ ਗਿਆ। ਉਸ ਨੇ ਉਸੇ ਸਮੇਂ ਲੁਕਮਾਨ ਨੂੰ ਅਜਾਦ ਕਰ ਦਿੱਤਾ। ਤੇ ਫਿਰ ਲੁਕਮਾਨ ਏਨਾਂ ਤਕੜਾ ਹਕੀਮ ਬਣ ਗਿਆ ਕਿ ਪੂਰੀ ਦੁਨੀਆਂ ਵਿੱਚ ਇਸ ਦੇ ਚਰਚੇ ਛਿੜ ਗਏ। ਇਸਦਾ ਅੰਤਲਾ ਸਮਾਂ ਆ ਗਿਆ, ਆਪਣੇ ਪੁੱਤਰ ਨੂੰ ਕੁਝ ਸਮਝਾਉਣ ਲਈ ਬੁਲਾਇਆ, ਪੁੱਤਰ ਆਇਆ , ਪਿਤਾ ਨੇ ਕਿਹਾ ਕਿ ਇਕ ਹੱਥ ਵਿਚ ਚੰਦਨ ਦਾ ਬੂਰਾ ਲੈ ਕੇ ਆ ਤੇ ਦੂਜੇ ਹੱਥ ਵਿੱਚ ਕੋਇਲੇ ਦੀ ਕਾਲਖ।ਪੁੱਤਰ ਦੋਵੇਂ ਚੀਜਾਂ ਲੈ ਆਇਆ। ਅੱਛਾ ਹੁਣ ਇਹਨਾਂ ਨੂੰ ਦੋਵਾਂ ਹੱਥਾਂ ਵਿੱਚ ਮੀਚ ਤੇ ਫਿਰ ਹੱਥ ਖੋਲ ਕਿ ਹੇਠਾਂ ਸੁੱਟ ਦੇ। ਪੁੱਤਰ ਨੇ ਏਦਾਂ ਹੀ ਕੀਤਾ, ਹੁਣ ਆਪਣੇ ਹੱਥਾਂ ਵੱਲ ਵੇਖ ਕੋਈ ਫਰਕ ਨਜਰ ਆ ਰਿਹਾ। ਪਿਤਾ ਜੀ ਕੋਈ ਫਰਕ ਨਜ਼ਰ ਨਹੀਂ ਆ ਰਿਹਾ, ਪੁੱਤਰ ਨੇ ਜਵਾਬ ਦਿੱਤਾ। ਬਸ ਇਹ ਹੀ ਫਰਕ ਹੈ ਤੇਰੀ ਸੋਚ ਵਿੱਚ।ਚੰਦਨ ਦੇ ਬੂਰੇ ਵਾਲਾ ਹੱਥ ਸੁੰਘ , ਉਸ ਵਿਚੋਂ ਚੰਦਨ ਦੀ ਵਾਸ਼ਨਾ ਆ ਰਹੀ ਹੈ,ਤੇ ਕੋਇਲੇ ਵਾਲਾ ਹੱਥ ਕਾਲਾ ਤਾਂ ਹੋਇਆ ਹੀ ਹੈ। ਮੂੰਹ ਨੇੜੇ ਲੈ ਕੇ ਜਾਵੇਂਗਾ , ਤਾਂ ਨੱਕ ਨੂੰ ਕਾਲਿਖ ਹੀ ਪੋਤੇਗਾ। ਇਸ ਲਈ



ਹਮੇਸ਼ਾ ਚੰਗੇ ਇਨਸਾਨਾਂ ਦੀ ਸੰਗਤ ਜਿੰਦਗੀ ਵਿੱਚ ਕਰ, ਤਾਂ ਕਿ ਤੇਰੇ ਆਚਾਂਰਾਂ ਤੇ ਵਿਚਾਰਾਂ ਵਿਚੋਂ ਚੰਦਨ ਦੀ ਮਹਿਕ ਆਵੇ। ਲੁਕਮਾਨ ਹਕੀਮ ਨੇ ਦੁਨੀਆਂ ਤੋਂ ਜਾਂਦੀ ਵਾਰ ਆਪਣੇ ਪੁੱਤਰ ਨੂੰ ਇਹ ਚਾਰ ਉਪਦੇਸ਼ ਦਿੱਤੇ ਕਿ ਚਾਰ ਥਾਵਾਂ ਤੇ ਕਿਸ ਨੂੰ ਸੰਭਾਲਣਾ ਹੈ :-

1- ਮਹਿਫਲ ਵਿੱਚ ਜੁਬਾਨ ਨੂੰ
2 - ਦਾਅਵਤ ਵੇਲੇ ਪੇਟ ਨੂੰ
3 - ਪਰਾਏ ਘਰ ਵਿੱਚ ਅੱਖ ਨੂੰ
4 - ਇਬਾਦਤ ਕਰਨ ਵੇਲੇ ਦਿਲ ਨੂੰ।

# ਕਸ਼ਮੀਰ ਟਾਈਮਜ਼ ਦੀ ਐਡੀਟਰ ਅਨੁਰਾਧਾ ਭਸੀਨ ਵਿਰੁੱਧ ਦਰਜ ਐਫਆਈਆਰ ਰੱਦ ਕੀਤੀ ਜਾਵੇ - ਜਮਹੂਰੀ ਫਰੰਟ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com

ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਨੇ ਸਟੇਟ ਜਾਂਚ ਏਜੰਸੀ (ਐੱਸਆਈਏ) ਵੱਲੋਂ ਕਸ਼ਮੀਰ ਟਾਈਮਜ਼ ਦੀ ਪੱਤਰਕਾਰੀ ਨੂੰ “ਭਾਰਤ ਦੀ ਪ੍ਰਭੂਤਾ ਲਈ ਖ਼ਤਰਾ” ਕਰਾਰ ਦੇ ਕੇ ਅਖ਼ਬਾਰ ਦੇ ਦਫ਼ਤਰ ’ਤੇ ਛਾਪਾ ਮਾਰਨ ਅਤੇ ਅਖ਼ਬਾਰ ਦੀ ਮੈਨੇਜਿੰਗ ਐਡੀਟਰ ਅਨੁਰਾਧਾ ਭਸੀਨ ਖ਼ਿਲਾਫ਼ ਐੱਫਆਈਆਰ ਦਰਜ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏਕੇ ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਕਿਹਾ ਕਿ ਇਹ ਕਾਰਵਾਈ ਜੰਮੂ–ਕਸ਼ਮੀਰ ਵਿਚ ਸੁਤੰਤਰ ਅਤੇ ਆਲੋਚਨਾਤਮਕ ਪੱਤਰਕਾਰੀ ਦੀ ਜ਼ੁਬਾਨਬੰਦੀ ਕਰਨ ਦੀ ਫਾਸ਼ੀਵਾਦੀ ਮੁਹਿੰਮ ਦਾ ਹਿੱਸਾ ਹੈ।




ਇਹ ਛਾਪੇਮਾਰੀ ਅਤੇ ਅਨੁਰਾਧਾ ਭਸੀਨ ਦੀ ਕਿਤਾਬ ਅਤੇ ਰਿਪੋਰਟਿੰਗ ’ਤੇ ਪਹਿਲਾਂ ਲਗਾਈਆਂ ਰੋਕਾਂ ਤੇ ਪਾਬੰਦੀਆਂ ਭਾਰਤੀ ਰਾਜ ਦੀ ਕਸ਼ਮੀਰੀ ਲੋਕਾਂ ਪ੍ਰਤੀ ਜਾਬਰ ਨੀਤੀ ਦੀ ਆਲੋਚਨਾ ਕਰਨ ਅਤੇ ਸਵਾਲ ਉਠਾਉਣ ਵਾਲੀਆਂ ਆਵਾਜ਼ਾਂ ਨੂੰ ਨਿਸ਼ਾਨਾ ਬਣਾਉਣ ਦੇ ਇਕ ਸਪਸ਼ਟ ਪੈਟਰਨ ਨੂੰ ਦਿਖਾਉਂਦੀਆਂ ਹਨ। ਪਿੱਛੇ ਜਹੇ ਕਸ਼ਮੀਰ ਵਿਚ ਗਵਰਨਰ ਪ੍ਰਸ਼ਾਸਨ ਵੱਲੋਂ ਉਨ੍ਹਾਂ 25 ਕਿਤਾਬਾਂ ਉੱਪਰ ਪਾਬੰਦੀ ਲਗਾਈ ਗਈ ਹੈ, ਜੋ ਕਸ਼ਮੀਰ ਦੇ ਇਤਿਹਾਸ ਨੂੰ ਅਤੇ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਹੱਕ ਨੂੰ ਇਤਿਹਾਸਕ ਤੱਥਾਂ ਅਤੇ ਜਮਹੂਰੀ ਸਰੋਕਾਰਾਂ ਤੋਂ ਪੇਸ਼ ਕਰਦੀਆਂ ਹਨ। ਉਨ੍ਹਾਂ ਵਿਚ ਅਨੁਰਾਧਾ ਭਸੀਨ ਦੀ ਕਿਤਾਬ ਵੀ ਸ਼ਾਮਲ ਹੈ। ਕਸ਼ਮੀਰ ਵਿੱਚ ਪੱਤਰਕਾਰਾਂ ਨੂੰ ਲਗਾਤਾਰ ਛਾਪਿਆਂ, ਝੂਠੇ ਕੇਸਾਂ, ਥਾਣਿਆਂ-ਫ਼ੌਜੀ ਕੈਂਪਾਂ ਵਿਚ ਸੱਦ ਕੇ ਪ੍ਰੇਸ਼ਾਨ ਕਰਨ, ਯਾਤਰਾ ਕਰਨ ਉੱਪਰ ਪਾਬੰਦੀਆਂ, ਪੱਤਰਕਾਰਾਂ ਦੇ ਕੈਮਰੇ ਤੇ ਹੋਰ ਡਿਵਾਈਸ ਜ਼ਬਤ ਕਰਨ ਅਤੇ ਪਬਲਿਕ ਸਕਿਊਰਿਟੀ ਐਕਟ, ਨੈਸ਼ਨਲ ਸਕਿਊਰਿਟੀ ਐਕਟ, ਯੂਏਪੀਏ ਵਰਗੇ ਜਾਬਰ ਕਾਨੂੰਨਾਂ ਤਹਿਤ ਗ੍ਰਿਫ਼ਤਾਰੀਆਂ ਅਤੇ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਸ਼ਮੀਰ ਟਾਈਮਜ਼ ਵਿਰੁੱਧ ਮੌਜੂਦਾ ਛਾਪੇਮਾਰੀ ਇਸੇ ਸਿਲਸਿਲੇ ਦਾ ਹਿੱਸਾ ਹੈ ਜੋ ਪ੍ਰੈੱਸ ਦੀ ਆਜ਼ਾਦੀ ਅਤੇ ਲੋਕਾਂ ਦੇ ਜਾਣਕਾਰੀ ਦੇ ਅਧਿਕਾਰ ’ਤੇ ਸਿੱਧਾ ਹਮਲਾ ਹੈ। ਫਰੰਟ ਸਮੂਹ ਪ੍ਰੈੱਸ ਸੰਸਥਾਵਾਂ, ਜਨਤਕ ਤੇ ਜਮਹੂਰੀ ਜਥੇਬੰਦੀਆਂ ਅਤੇ ਪੱਤਰਕਾਰਾਂ ਨੂੰ ਕਸ਼ਮੀਰ ਟਾਈਮਜ਼ ਦੀ ਸੁਤੰਤਰ ਪੱਤਰਕਾਰੀ ਦਾ ਗਲਾ ਘੁੱਟਣ ਅਤੇ ਜਮਹੂਰੀ ਸਪੇਸ ਨੂੰ ਕੁਚਲਣ ਦੀ ਇਸ ਫਾਸ਼ੀਵਾਦੀ ਮੁਹਿੰਮ ਵਿਰੁੱਧ ਆਵਾਜ਼ ਉਠਾਉਣ ਦੀ ਅਪੀਲ ਕਰਦਾ ਹੈ। ਆਗੂਆਂ ਨੇ ਮੰਗ ਕੀਤੀ ਕਿ ਮੀਡੀਆ ਨੂੰ ਡਰਾਉਣ–ਧਮਕਾਉਣ ਵਾਲੀਆਂ ਕਾਰਵਾਈਆਂ ਤੁਰੰਤ ਰੋਕੀਆਂ ਜਾਣ। ਪੱਤਰਕਾਰਾਂ ਦੀ ਸੁਰੱਖਿਆ ਅਤੇ ਅਧਿਕਾਰ ਯਕੀਨੀ ਬਣਾਏ ਜਾਣ। ਪੱਤਰਕਾਰੀ ਅਤੇ ਇਤਿਹਾਸਕ-ਰਾਜਨੀਤਕ ਤੇ ਸਾਹਿਤਿਕ ਲਿਖਤਾਂ ਉੱਪਰ ਬੋਲਿਆ ਜਾਬਰ ਹੱਲਾ ਬੰਦ ਕੀਤਾ ਜਾਵੇ। ਪ੍ਰਗਟਾਵੇ ਦੀ ਆਜ਼ਾਦੀ ਅਤੇ ਪ੍ਰੈੱਸ ਦੀ ਆਜ਼ਾਦੀ ਉੱਪਰ ਹਮਲੇ ਬੰਦ ਕੀਤੇ ਜਾਣ। ਸਾਰੇ ਗ੍ਰਿਫ਼ਤਾਰ ਕਸ਼ਮੀਰੀ ਪੱਤਰਕਾਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ
## ਸ੍ਰੀਨਗਰ ਤੋਂ ਅਰੰਭ ਹੋਇਆਂ ਨਗਰ ਕੀਰਤਨ 22 ਨਵੰਬਰ ਨੂੰ ਪਹੁੰਚੇਗਾ ਨਵਾਂਸ਼ਹਿਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀਨਗਰ ਤੋਂ ਅਰੰਭ ਕੀਤਾ ਨਗਰ ਕੀਰਤਨ 22 ਨਵੰਬਰ (ਸ਼ਨੀਵਾਰ) ਨੂੰ ਨਵਾਂਸ਼ਹਿਰ ਵਿਖੇ ਪਹੁੰਚੇਗਾ ਜਿੱਥੇ ਸੰਗਤਾਂ ਵੱਲੋਂ ਵੱਖ-ਵੱਖ ਥਾਵਾਂ ‘ਤੇ ਸਵਾਗਤ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਕੀਰਤਨ ਦਾ ਫਗਵਾੜਾ ਵਾਲੇ ਪਾਸਿਓਂ ਪਿੰਡ ਮੇਹਲੀ ਨੇੜਿਓਂ ਪ੍ਰਵੇਸ਼ ਹੋਵੇਗਾ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਦੇ ਸਵਾਗਤ ਉਪਰੰਤ ਪਹਿਲਾ ਪੜਾਅ ਗੁਰਦੁਆਰਾ ਚਰਨ ਕੰਵਲ ਸਾਹਿਬ, ਬੰਗਾ ਵਿਖੇ ਹੋਵੇਗਾ, ਜਿੱਥੇ ਸਮੂਹ ਸੰਗਤ ਵੱਲੋਂ ਸਵਾਗਤ ਕੀਤਾ ਜਾਵੇਗਾ। ਇਸ ਉਪਰੰਤ ਨਗਰ ਕੀਰਤਨ ਮਹਾਲੋਂ ਰੋਡ ਤੇ ਹੁੰਦਾ ਹੋਇਆ ਨਵਾਸ਼ਹਿਰ ਵਿਚ ਦਾਖਲ ਹੋਵੇਗਾ ਜਿੱਥੇ ਨਗਰ ਕੀਰਤਨ ਦਾ ਦੂਸਰਾ ਪੜਾਅ ਹੋਵੇਗਾ ਜਿਸ ਉਪਰੰਤ ਨਗਰ ਕੀਰਤਨ ਬਲਾਚੋਰ ਲਈ ਰਵਾਨਾ ਹੋਵੇਗਾ। ਉਨ੍ਹਾਂ ਦੱਸਿਆ ਕਿ ਗੜ੍ਹੀ ਚੌਕ ਤੋਂ ਹੁੰਦਾ ਹੋਇਆ ਨਗਰ ਕੀਰਤਨ ਬਲਾਚੌਰ ਪਹੁੰਚੇਗਾ ਜਿੱਥੇ ਬੱਸ ਅੱਡੇ ਨਜ਼ਦੀਕ ਸੰਗਤਾਂ ਸਵਾਗਤ ਲਈ ਇਕੱਤਰ ਹੋਣਗੀਆਂ। ਬਲਾਚੋਰ ਤੋਂ ਹੁੰਦਾ ਹੋਇਆਂ ਨਗਰ ਕੀਰਤਨ ਗੁਰਦੁਆਰਾ ਟਿੱਬੀ ਸਾਹਿਬ, ਰੂਪਨਗਰ ਹੈਡ ਵਰਕਸ ਪਹੁੰਚੇਗਾ, ਜਿੱਥੋਂ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਵੇਗਾ।

ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਗਰ ਕੀਰਤਨ ਦੀ ਆਮਦ ਅਤੇ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਵਾਲੀ ਸੰਗਤ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਲੋੜੀਦੇ ਪ੍ਰਬੰਧ ਸਮੇਂ ਸਿਰ ਮੁਕੰਮਲ ਕੀਤੇ ਜਾਣ। ਉਨ੍ਹਾਂ ਦੱਸਿਆ ਕਿ ਪੁਲਿਸ ਅਧਿਕਾਰੀਆਂ ਵੱਲੋਂ ਟ੍ਰੈਫਿਕ ਵਿਵਸਥਾ, ਸਿਵਲ ਸਰਜਨ ਦਫਤਰ ਵੱਲੋਂ ਮੈਡੀਕਲ ਟੀਮਾਂ ਦੀ ਤਾਇਨਾਤੀ ਦੇ ਨਾਲ-ਨਾਲ ਸੰਬੰਧਤ ਵਿਭਾਗਾਂ ਵੱਲੋਂ ਨਗਰ ਕੀਰਤਨ ਦੇ ਰੂਟ ‘ਤੇ ਸਫਾਈ ਵਿਵਸਥਾ, ਮੰਡੀ ਬੋਰਡ ਵੱਲੋਂ ਸੰਗਤਾਂ ਲਈ ਪੀਣ ਵਾਲੇ



ਪਾਣੀ ਆਦਿ ਦੀ ਸਹੂਲਤ ਆਦਿ ਦਾ ਉਚੇਚੇ ਤੌਰ ‘ਤੇ ਪ੍ਰਬੰਧ ਰਹੇਗਾ। ਉਨ੍ਹਾਂ ਨੇ ਸੰਗਤਾ ਨੂੰ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਜਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ 23 ਨਵੰਬਰ ਤੋਂ 25 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਸਮਾਗਮ ਕਰਵਾਏ ਜਾ ਰਹੇ ਹਨ।

# “ਸ਼੍ਰੀ ਗੁਰੂ ਤੇਗ ਬਹਾਦਰ ਜੀ – ਧਰਮ ਤੇ ਮਨੁੱਖਤਾ ਦੇ ਰਖਵਾਲੇ”
## (ਸ਼ਹੀਦੀ ਦਿਵਸ ਤੇ ਵਿਸ਼ੇਸ਼)

“Equality and justice”
Patiala 21 November
INTERNATIONAL PAPER, 94636 01616
hardipchumber57@gmail.com

ਸ਼੍ਰੀ ਗੁਰੂ ਤੇਗ ਬਹਾਦੁਰ ਜੀ ਸਿੱਖ ਧਰਮ ਦੇ ਨੌਂਵੇਂ ਗੁਰੂ ਸਨ, ਜਿਨ੍ਹਾਂ ਨੇ ਸੱਚਾਈ, ਧਰਮ ਅਤੇ ਮਨੁੱਖਤਾ ਦੀ ਰੱਖਿਆ ਲਈ ਆਪਣਾ ਪੂਰਾ ਜੀਵਨ ਸਮਰਪਿਤ ਕੀਤਾ। ਉਹਨਾਂ ਨੇ ਸਿਰਫ ਸਿੱਖਾਂ ਲਈ ਨਹੀਂ, ਸਗੋਂ ਪੂਰੀ ਮਨੁੱਖਤਾ ਲਈ ਅਮਨ, ਪਿਆਰ ਅਤੇ ਇਨਸਾਫ ਦਾ ਸੰਦੇਸ਼ ਦਿੱਤਾ। ਉਹ ਕਹਿੰਦੇ ਸਨ ਕਿ ਸੱਚਾ ਧਾਰਮਿਕ ਵਿਅਕਤੀ ਉਹ ਹੈ ਜੋ ਹਰ ਕਿਸੇ ਨਾਲ ਭਲਾਈ ਕਰਦਾ ਹੈ ਤੇ ਸਦਾ ਸੱਚ ਦੇ ਰਾਹ ‘ਤੇ ਚਲਦਾ ਹੈ।

ਗੁਰੂ ਤੇਗ ਬਹਾਦੁਰ ਜੀ ਦਾ ਜਨਮ 1 ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿੱਚ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਹੋਇਆ। ਬਚਪਨ ਤੋਂ ਹੀ ਉਹ ਸ਼ਾਂਤ, ਨਿਮਰ ਅਤੇ ਭਗਤੀ ਭਾਵਨਾ ਵਾਲੇ ਸਨ। ਗੁਰੂ ਹਰਗੋਬਿੰਦ ਜੀ ਦੀ ਸੰਗਤ ਵਿੱਚ ਰਹਿ ਕੇ ਉਹਨਾਂ ਨੇ ਸੇਵਾ, ਸਿਮਰਨ ਅਤੇ ਸੱਚਾਈ ਦੇ ਰਸਤੇ ‘ਤੇ ਚੱਲਣਾ ਸਿੱਖਿਆ। ਗੁਰੂ ਜੀ ਦਾ ਜੀਵਨ ਸਾਦਗੀ ਅਤੇ ਆਤਮਕ ਉੱਚਾਈ ਦਾ ਪ੍ਰਤੀਕ ਸੀ, ਜਿਸ ਕਰਕੇ ਸਭ ਉਹਨਾਂ ਨੂੰ ਪਿਆਰ ਕਰਦੇ ਸਨ।

ਗੁਰੂ ਜੀ ਨੇ ਲੋਕਾਂ ਨੂੰ ਸਦਾ ਸੱਚ ਬੋਲਣ, ਡਰ ਤੋਂ ਰਹਿਤ ਰਹਿਣ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਲਈ ਪ੍ਰੇਰਿਤ ਕੀਤਾ। ਉਹ ਕਈ ਸਥਾਨਾਂ ‘ਤੇ ਗਏ ਅਤੇ ਲੋਕਾਂ ਵਿੱਚ ਪਿਆਰ, ਏਕਤਾ ਅਤੇ ਭਾਈਵਾਲਤਾ ਦਾ ਸੁਨੇਹਾ ਫੈਲਾਇਆ। ਉਹਨਾਂ ਦੇ ਉਪਦੇਸ਼ਾਂ ਨੇ ਲੋਕਾਂ ਨੂੰ ਚੰਗਾ ਤੇ ਨਿਰਭਉ ਜੀਵਨ ਜੀਉਣ ਦੀ ਸਿੱਖਿਆ ਦਿੱਤੀ।

ਉਸ ਸਮੇਂ, ਜਦੋਂ ਮੁਗਲ ਸ਼ਾਸਕਾਂ ਵੱਲੋਂ ਲੋਕਾਂ ਨੂੰ ਜ਼ੁਲਮਾਂ ਨਾਲ ਆਪਣਾ ਧਰਮ ਤਿਆਗਣ ਲਈ ਮਜਬੂਰ ਕੀਤਾ ਜਾ ਰਿਹਾ ਸੀ, ਗੁਰੂ ਤੇਗ ਬਹਾਦੁਰ ਜੀ ਨੇ ਸੱਚ ਅਤੇ ਧਰਮ ਦੀ ਰੱਖਿਆ ਲਈ ਆਪਣਾ ਸਿਰ ਕੁਰਬਾਨ ਕਰ ਦਿੱਤਾ। ਉਹ ਕਹਿੰਦੇ ਸਨ ਕਿ ਕਿਸੇ ਹੋਰ ਦੇ ਧਰਮ ਅਤੇ ਅਧਿਕਾਰਾਂ ਦੀ ਰੱਖਿਆ ਲਈ ਜਾਨ ਦੇਣਾ ਪ੍ਰਭੂ ਦੀ ਸੇਵਾ ਹੈ। ਉਹਨਾਂ ਦੀ ਸ਼ਹਾਦਤ ਮਨੁੱਖਤਾ, ਨਿਆਂ ਅਤੇ ਆਜ਼ਾਦੀ ਦੀ ਰੱਖਿਆ ਲਈ ਸੀ। ਇਸੇ ਲਈ ਉਹ “ਹਿੰਦ ਦੀ ਚਾਦਰ” ਕਹਾਏ — ਹਿੰਦੁਸਤਾਨ ਦੀ ਇੱਜ਼ਤ ਅਤੇ ਆਸਰੇ ਦੇ ਪ੍ਰਤੀਕ।

ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀ ਕੁਰਬਾਨੀ ਸਿਰਫ਼ ਹਿੰਦੂ ਧਰਮ ਲਈ ਹੀ ਨਹੀਂ ਸੀ, ਬਲਕਿ ਇਹ ਪੂਰੀ ਇਨਸਾਨੀਅਤ ਲਈ ਇੱਕ ਮਹਾਨ ਸਿੱਖਿਆ ਸੀ। ਉਹ ਸਾਨੂੰ ਸਿਖਾਉਂਦੇ ਹਨ ਕਿ ਕਿਸੇ ਵੀ ਵਿਅਕਤੀ ‘ਤੇ ਆਪਣਾ ਧਰਮ ਜ਼ਬਰਦਸਤੀ ਥੋਪਣਾ ਗਲਤ ਹੈ, ਕਿਉਂਕਿ ਇਨਸਾਨੀਅਤ ਹੀ ਸਭ ਤੋਂ ਉੱਚਾ ਧਰਮ ਹੈ। ਹਰ ਇਕ ਇਨਸਾਨ ਨੂੰ ਆਪਣੀ ਮਰਜ਼ੀ ਨਾਲ ਕਿਸੇ ਵੀ ਧਰਮ ਨੂੰ ਮੰਨਣ ਜਾਂ ਅਪਣਾਉਣ ਦਾ ਹੱਕ ਹੈ, ਪਰ ਕਿਸੇ ਉੱਤੇ ਜ਼ੋਰ ਜਬਰ ਕਰਨਾ ਧਰਮ ਦੀ ਅਸਲ ਆਤਮਾ ਦੇ ਵਿਰੁੱਧ ਹੈ। ਜੋ ਵਿਅਕਤੀ ਦੂਜਿਆਂ ਨਾਲ ਅਨਿਆਂ ਕਰਦਾ ਹੈ, ਉਹ ਕਦੇ ਵੀ ਸੱਚਾ ਧਾਰਮਿਕ ਨਹੀਂ ਹੋ ਸਕਦਾ, ਚਾਹੇ ਉਹ



ਪਵਨ ਕੁਮਾਰ ਅੱਤਰੀ
ਅਧਿਆਪਕ (ਕਪੂਰਥਲਾ)
8427791277

ਆਪਣੇ ਆਪ ਨੂੰ ਕਿਸੇ ਵੀ ਧਰਮ ਦਾ ਰਖਵਾਲਾ ਕਿਉਂ ਨਾ ਕਹੇ।

ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਸਾਨੂੰ ਸਿਖਾਉਂਦੀ ਹੈ ਕਿ ਇਨਸਾਨੀਅਤ ਅਤੇ ਇਨਸਾਫ ਲਈ ਡਟੇ ਰਹਿਣਾ ਹੀ ਸੱਚੀ ਬਹਾਦਰੀ ਹੈ। ਉਹਨਾਂ ਦਾ ਜੀਵਨ ਸਾਨੂੰ ਸਦਾ ਪ੍ਰੇਰਿਤ ਕਰਦਾ ਹੈ ਕਿ ਅਸੀਂ ਸੱਚਾਈ, ਨੇਕੀ ਅਤੇ ਮਨੁੱਖਤਾ ਦੇ ਰਸਤੇ ‘ਤੇ ਚੱਲੀਏ। ਗੁਰੂ ਜੀ ਸੱਚਮੁੱਚ ਧਰਮ ਅਤੇ ਮਨੁੱਖਤਾ ਦੇ ਸੱਚੇ ਰਖਵਾਲੇ ਸਨ, ਜਿਨ੍ਹਾਂ ਦੀ ਸ਼ਹੀਦੀ ਸਾਨੂੰ ਸੱਚਾਈ, ਇਨਸਾਨੀਅਤ ਅਤੇ ਇਨਸਾਫ ਲਈ ਪ੍ਰੇਰਿਤ ਕਰਦੀ ਹੈ।

# ਨਸ਼ਾ ਮੁਕਤ ਚੇਤਨਾ ਸੰਘ ਜਿਲ੍ਹਾ ਸੰਗਰੂਰ ਦੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com



ਕੋ-ਆਰਡੀਨੇਟਰ ਬਾਬਾ ਪਰਮਜੀਤ ਸਿੰਘ ਜੀ ਬਡਰੁੱਖਾਂ ਵਾਲਿਆ ਨੇ ਹਲਕਾ ਦਿੜ੍ਹਬਾ ਦੇ ਪਿੰਡ ਸੰਗਤੀਵਾਲਾ ਵਿਖੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਬੱਬੂ ਸੰਗਤੀਵਾਲਾ,ਪਿੰਡ ਦੇ ਪਤਵੰਤੇ ਸੱਜਣ, ਵੱਡੀ ਗਿਣਤੀ ਵਿੱਚ ਨੌਜਵਾਨ ਅਤੇ ਬੀਬੀਆਂ ਹਾਜ਼ਰ ਸਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਯਾਦ ਨੂੰ ਸਮਰਪਿਤ ਪ੍ਰੇਰਣਾਦਾਇਕ ਭਾਸ਼ਣ ਮੁਕਾਬਲੇ ਆਯੋਜਿਤ

“Equality and justice”
Patiala 21 November
INTERNATIONAL PAPER, 94636 01616
hardipchumber57@gmail.com

ਮਾਨਸਾ 21 ਨਵੰਬਰ( ਆਤਮਾ ਸਿੰਘ ਪਮਾਰ)

ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਨੀਲਮ ਰਾਣੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਡਾ. ਪਰਮਜੀਤ ਸਿੰਘ ਭੋਗਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਦਗਰ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ



ਭਾਸ਼ਣ ਮੁਕਾਬਲੇ ਸਕੂਲ ਆਫ਼ ਐਮੀਨੈਂਸ (ਮੁੰਡੇ) ਮਾਨਸਾ ਵਿਖੇ ਕਰਵਾਏ ਗਏ।

ਇਹਨਾਂ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਨੋਡਲ ਅਫ਼ਸਰ ਨਿਰਮਲ ਸਿੰਘ ਨੇ ਦੱਸਿਆ ਕਿ ਨਿਧੀ ਸਕੂਲ ਆਫ਼ ਐਮੀਨੈਂਸ ਸਰਦੂਲਗੜ੍ਹ ਨੇ ਪਹਿਲਾ , ਹਰਮਨ ਸਿੰਘ ਸਕੂਲ ਆਫ਼ ਐਮੀਨੈਂਸ (ਮੁੰਡੇ) ਮਾਨਸਾ ਨੇ ਦੂਜਾ, ਰਮਨਦੀਪ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਰੋਕੇ ਕਲਾਂ ਨੇ ਵੀ ਦੂਜਾ ਸਥਾਨ ਹਾਸਲ ਕੀਤਾ।


ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੋਕੇ ਨਿਰਮਲ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਬਾਰੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਲੈਕਚਰਾਰ ਗੁਰਪ੍ਰੀਤ ਕੌਰ, ਇੰਦਰਜੀਤ ਸਿੰਘ, ਅਮਨਦੀਪ ਸਿੰਘ, ਗਗਨਦੀਪ ਕੌਰ ਆਦਿ ਵੀ ਹਾਜ਼ਰ ਸਨ।

# ਰਾਜ ਪੱਧਰੀ ਪ੍ਰਾਇਮਰੀ ਸਕੂਲ ਤੈਰਾਕੀ ਅਤੇ ਜਿਮਨਾਸਟਿਕ ਦੇ ਮੁਕਾਬਲੇ ਕਰਵਾਏ ਗਏ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਨਵੰਬਰ
INTERNATIONAL PAPER, 94636 01616
hardipchumber57@gmail.com

ਮੋਹਾਲੀ ਮਿਤੀ 21 ਨਵੰਬਰ () ਪੰਜਾਬ ਸਰਕਾਰ ਦੀ ਸਿੱਖਿਆ ਅਤੇ ਖੇਡ ਕ੍ਰਾਂਤੀ ਤਹਿਤ,ਸਿੱਖਿਆ ਮੰਤਰੀ ਪੰਜਾਬ ਸ਼੍ਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ,ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਇੱਥੇ ਮੋਹਾਲੀ ਦੇ ਸਪੋਰਟਸ ਕੰਪਲੈਕਸ ਵਿੱਖੇ ਜਿਮਨਾਸਟਿਕ ਜਦਕਿ ਅਮਿਟੀ ਇੰਟਰਨੈਸ਼ਨਲ ਸਕੂਲ ਵਿੱਚ ਤੈਰਾਕੀ ਦੇ ਰਾਜ ਪੱਧਰੀ ਪ੍ਰਾਇਮਰੀ ਸਕੂਲ ਮੁਕਾਬਲੇ ਸੰਪੰਨ ਹੋਏ। ਡੀਈਓ ਐਲੀਮੈਂਟਰੀ ਦਰਸ਼ਨਜੀਤ ਸਿੰਘ ਦੀ ਅਗਵਾਈ ਹੇਠ ਹੋਏ ਇਹਨਾਂ ਮੁਕਾਬਲਿਆਂ ਵਿੱਚ ਡਿਪਟੀ ਡੀਈਓ ਐਲੀਮੈਂਟਰੀ ਪਰਮਿੰਦਰ ਕੌਰ, ਜ਼ਿਲ੍ਹਾ ਖੇਡ ਕਨਵੀਨਰ ਬਲਜੀਤ ਸਿੰਘ ਸਨੇਟਾ,ਸਹਾਇਕ ਕਨਵੀਨਰ ਜਗਦੀਪ ਸਿੰਘ ਕਲੋਲੀ,ਡੀਲੀਂਗ ਸਹਾਇਕ ਮਿਸ ਪ੍ਰੀਤੀ ਅਤੇ ਸਮੁੱਚੀ ਖੇਡ ਕਮੇਟੀ



ਦੇ ਸਹਿਯੋਗ ਨਾਲ ਇਹ ਮੁਕਾਬਲੇ ਸੰਪੰਨ ਹੋਏ। ਤੈਰਾਕੀ ਦੇ ਹੋਏ ਵੱਖ-ਵੱਖ ਵਰਗਾਂ ਦੇ (ਕੁੜੀਆਂ) ਦੇ ਮੁਕਾਬਲੇ ਵਿੱਚ ਨੇਤਰੰਜਨਾ ਸਿੰਘ ਮੋਹਾਲੀ,ਏਕਮਨੂਰ ਕੌਰ ਫ਼ਰੀਦਕੋਟ,ਰਿਧੀ ਰਤਨ ਹੁਸ਼ਿਆਰਪੁਰ, ਰਹਿਮਤ ਦੀਪ ਕੌਰ ਫ਼ਰੀਦਕੋਟ,ਨੀਰਾ ਬੱਤਰਾ ਲੁਧਿਆਣਾ,ਏਕਨੂਰ ਕੌਰ ਫ਼ਰੀਦਕੋਟ ਅਤੇ ਵੱਖ ਵੱਖ ਵਰਗਾਂ ਦੇ ਮੁੰਡਿਆਂ ਦੇ ਮੁਕਾਬਲੇ ਵਿੱਚ ਚਿਰਾਗ ਲੁਧਿਆਣਾ, ਸ਼ੈਰਿਫ ਹੁਸ਼ਿਆਰਪੁਰ, ਅਕਸ਼ਿਵ ਫਾਜ਼ਿਲਕਾ, ਯਸ਼ਰਾਜ ਸੰਗਰੂਰ, ਸਾਰਾਂਸ਼ ਫਿਰੋਜ਼ਪੁਰ,ਟੀਮ ਲੁਧਿਆਣਾ ਨੇ ਪਹਿਲੇ ਸਥਾਨ ਪ੍ਰਾਪਤ ਕੀਤੇ। ਇਸੇ ਤਰ੍ਹਾਂ ਜਿਮਨਾਸਟਿਕ ਕੁੜੀਆਂ ਦੇ ਮੁਕਾਬਲੇ ਵਿੱਚ ਵੱਖ-ਵੱਖ ਵਰਗਾਂ ਵਿੱਚ ਕਾਮਿਯਾ ਪਟਿਆਲਾ,ਹਰਸਿਰਤ ਅੰਮ੍ਰਿਤਸਰ ਸਾਹਿਬ, ਨੇ ਪਹਿਲੇ ਸਥਾਨ ਪ੍ਰਾਪਤ ਕੀਤੇ। ਸਮੂਹ ਜੇਤੂ ਟੀਮਾਂ ਦੇ ਬੱਚਿਆਂ ਨੂੰ ਬੀਤੀ ਦੇਰ ਸ਼ਾਮ ਨੂੰ ਮੁੱਖ ਮਹਿਮਾਨ ਜ਼ਿਲ੍ਹਾ ਸਪੋਰਟਸ ਅਫ਼ਸਰ ਮੋਹਾਲੀ ਵੱਲੋਂ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਬਲਜੀਤ ਸਿੰਘ ਸਨੇਟਾ ਜ਼ਿਲ੍ਹਾ ਖੇਡ ਕਨਵੀਨਰ ਨੇ ਸਮੁੱਚੇ ਪ੍ਰਬੰਧਾਂ ਲਈ ਸਾਰੇ ਡਿਊਟੀ ਸਟਾਫ਼ ਦਾ ਤਹਿ ਦਿਲੋਂ ਧੰਨਵਾਦ ਕੀਤਾ ਕਿਉਂਕਿ ਸੂਬਾ ਪੱਧਰੀ ਮੁਕਾਬਲੇ ਸਫਲਤਾਪੂਰਵਕ ਸੰਪੰਨ ਹੋਏ ਹਨ। ਉਹਨਾਂ ਵੱਲੋਂ ਵਿਸ਼ੇਸ਼ ਤੌਰ ਤੇ ਸਮੂਹ ਜ਼ਿਲ੍ਹਿਆਂ ਤੋਂ ਪਹੁੰਚੇ ਬੱਚਿਆਂ, ਉਹਨਾਂ ਦੇ ਨਾਲ ਆਏ ਅਧਿਆਪਕਾਂ ਅਤੇ ਅਧਿਕਾਰੀਆਂ, ਉਹਨਾਂ ਨਾਲ ਆਏ ਮਾਪਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਵੱਡੇ ਫੰਕਸ਼ਨ ਵਿੱਚ ਅਨੁਸ਼ਾਸਨ ਅਤੇ ਸ਼ਾਂਤੀ ਬਣਾਈ ਰੱਖਿਆ। ਬੀਪੀਈਓ ਕਮਲਜੀਤ, ਅਵਰਿੰਦਰ ਸਿੰਘ ਪਿੰਕੀ,ਰਾਜਿੰਦਰ ਸਿੰਘ,ਜਨਕ ਰਾਜ,ਗੁਲਜੀਤ ਸਿੰਘ,ਰਵਿੰਦਰ ਸਿੰਘ ਪੱਪੀ,ਤਜਿੰਦਰ ਸਿੰਘ,ਦੇਵ ਕਰਨ ਸਿੰਘ,ਮਨਜੋਤ ਸਿੰਘ ਕਲੇਰ,ਕੋਮਲ ਨੰਦਾ (ਦਫ਼ਤਰੀ ਸਟਾਫ਼) ਤੋਂ ਇਲਾਵਾ ਡਿਊਟੀ ਤੇ ਤਾਇਨਾਤ ਸਟਾਫ਼ ਵਿੱਚ ਲੰਗਰ ਕਮੇਟੀ ਵਿੱਚ ਜਸਵੀਰ ਸਿੰਘ,ਸੰਦੀਪ ਸਿੰਘ,ਜਗਦੇਵ ਸਿੰਘ,ਹਰਜੀਤ ਸਿੰਘ,ਬਲਵੀਰ ਸਿੰਘ,ਜਸਬੀਰ ਸਿੰਘ,ਭਗਵੰਤ ਸਿੰਘ,ਸੁਸ਼ਮਾ ਸ਼ਰਮਾ,ਗੁਰਦੀਪ ਸਿੰਘ,ਸੁਖਚੈਨ ਸਿੰਘ ਬਲਜਿੰਦਰ ਕੌਰ,ਹਰਤੇਜ ਸਿੰਘ,ਸੰਜੀਵ ਭਗਵਾਸ,ਰੁਪਿੰਦਰ ਸਿੰਘ,ਹਰਿੰਦਰ ਸਿੰਘ,ਸਚਿਨ,ਸੁਧੀਰ,ਮਨਪ੍ਰੀਤ ਸਿੰਘ, ਦਲਜੀਤ ਸਿੰਘ,ਭੀਮ ਸੈਨ ਆਦਿ ਹਾਜ਼ਰ ਸਨ।

# ਸਾਂਝ ਕੇਂਦਰ ਬਿਨ੍ਹਾਂ ਮੁਲਾਜ਼ਮਾਂ ਦੇ ਠੱਪ, ਲੋਕ ਹੋ ਰਹੇ ਬਦਤਰ ਖੱਜਲ ਖੁਆਰ - ਵਿਨਰਜੀਤ ਸਿੰਘ ਖਡਿਆਲ

“Equality and justice”
Patiala 21 November
INTERNATIONAL PAPER, 94636 01616
hardipchumber57@gmail.com

ਸੰਗਰੂਰ,21 ਨਵੰਬਰ (ਜਗਸੀਰ ਸਿੰਘ) - ਸ਼੍ਰੋਮਣੀ ਅਕਾਲੀ ਦਲ ਦੇ ਸੁਨਾਮ ਹਲਕਾ ਇੰਚਾਰਜ ਵਿਨਰਜੀਤ ਸਿੰਘ ਖਡਿਆਲ ਨੇ ਪੰਜਾਬ ਸਰਕਾਰ ਨੂੰ ਕੜੇ ਸ਼ਬਦਾਂ ’ਚ ਘੇਰਦੇ ਹੋਏ ਦੋਸ਼ ਲਗਾਇਆ ਕਿ ਮਾਨ ਸਰਕਾਰ ਨੇ ਸੂਬੇ ਭਰ ਦੇ ਸਾਂਝ ਕੇਂਦਰਾਂ ਵਿੱਚ ਤੈਨਾਤ ਡਿਊਟੀ ਮੁਲਾਜ਼ਮਾਂ ਨੂੰ ਅਚਾਨਕ ਹਟਾ ਕੇ ਉਨ੍ਹਾਂ ਦੀ ਡਿਊਟੀ ਸਿਕਿਓਰਟੀ ‘ਤੇ ਲਗਾ ਦਿੱਤੀ, ਜਿਸ ਕਾਰਨ ਲੋਕਾਂ ਲਈ ਜ਼ਰੂਰੀ ਸੇਵਾਵਾਂ ਲਗਭਗ ਬੰਦ ਹੋ ਚੁੱਕੀਆਂ ਹਨ। ਵਿਨਰਜੀਤ ਸਿੰਘ ਖਡਿਆਲ ਨੇ ਕਿਹਾ ਕਿ ਸਾਂਝ ਕੇਂਦਰਾਂ ਰਾਹੀਂ ਲੋਕ



ਕਲੀਰੈਂਸ ਸਰਟੀਫਿਕੇਟ, ਪਾਸਪੋਰਟ ਇਨਕੁਇਰੀ, ਐੱਫ. ਆਈ.ਆਰ ਦੀਆਂ ਕਾਪੀਆਂ, ਪੁਲਿਸ ਤਸਦੀਕ ਅਤੇ ਹੋਰ ਮਹੱਤਵਪੂਰਨ ਜਨਤਕ ਸੇਵਾਵਾਂ ਲੈਂਦੇ ਸਨ, ਪਰ ਅੱਜ ਹਾਲਤ ਇਤਨੀ ਖਰਾਬ ਹੈ ਕਿ ਲੋਕ ਘੰਟਿਆਂ ਲਾਈਨਾਂ ਵਿੱਚ ਖੜ੍ਹੇ ਰਹਿ ਜਾਂਦੇ ਹਨ ਤੇ ਵਾਪਸ ਖਾਲੀ ਹੱਥ ਮੁੜਦੇ ਹਨ। ਉਨ੍ਹਾਂ ਕਿਹਾ ਕਿ ਇਹ ਸਾਂਝ ਕੇਂਦਰ ਸੁਖਬੀਰ ਸਿੰਘ ਬਾਦਲ ਦੀ ਸੋਚ ਅਤੇ ਪ੍ਰਸ਼ਾਸਨਕ ਸੁਧਾਰਾਂ ਦਾ ਮਹੱਤਵਪੂਰਨ ਹਿੱਸਾ ਸਨ, ਪਰ ਮਾਨ ਸਰਕਾਰ ਦੀ ਨਿਯਤ ਅਤੇ ਨੀਤੀ ਦੀ ਕਮੀ ਕਰਕੇ ਇਹ ਕੇਂਦਰ ਹੁਣ ਬੰਦ ਹੋਣ ਦੇ ਕਗਾਰ ‘ਤੇ ਖੜ੍ਹੇ ਹਨ।

ਵਿਨਰਜੀਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਆਪਣੇ ਨਾਲ 800 ਸਿਕਿਓਰਟੀ ਗਾਰਡ ਨਾਲ ਲਈ ਫਿਰਦੇ ਹਨ। ਕੀ ਉਹਨਾਂ ਵਿਚੋਂ ਕੁਝ ਨੂੰ ਜਨਤਕ ਸੇਵਾਵਾਂ ਵਾਲੀਆਂ ਥਾਵਾਂ ‘ਤੇ ਤੈਨਾਤ ਨਹੀਂ ਕੀਤਾ ਜਾ ਸਕਦੇ,ਲੋਕਾਂ ਦੀਆਂ ਸਹੂਲਤਾਂ ਖਤਮ ਕਰਕੇ ਮੁਲਾਜ਼ਮਾਂ ਨੂੰ ਸਿਕਿਓਰਟੀ ’ਤੇ ਲਗਾਉਣ ਦਾ ਕੀ ਤਰਕ ਹੈ।

ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਸਿਰਫ਼ ਪੰਜਾਬ ਦੇ ਲੋਕਾਂ ਨਾਲ ਧੋਖਾ ਹੀ ਨਹੀਂ, ਸਗੋਂ ਸਾਂਝ ਕੇਂਦਰਾਂ ਦੀ ਬੁਨਿਆਦੀ ਸੋਚ ਨੂੰ ਤਹਿਸ-ਨਹਿਸ ਕਰਨ ਦਾ ਯਤਨ ਹੈ।

